# ਸੰਗੀਤ ਗਾਇਨ

## (ਛੇਵੀਂ, ਸੱਤਵੀਂ ਅਤੇ ਅੱਠਵੀਂ ਸ਼੍ਰੇਣੀ ਲਈ)

C4B5E2



| | | |
|---|---|---|
| 1. ਮਨਪ੍ਰੀਤ ਕੌਰ (ਲੇਖਕ) | ਸੰਗੀਤ ਮਿਸਟ੍ਰੈਸ ਐਮ. ਏ., ਐਮ ਐਡ ਆਨਰਸ ਇੰਨ ਮਿਊਜ਼ਿਕ | ਸ.ਸ.ਸ.ਸ. ਸੈਕਟਰ 37-ਸੀ ਚੰਡੀਗੜ੍ਹ |
| 2. ਸ਼ਸ਼ੀ ਅਰਵਿੰਦ (ਲੇਖਕ ਤੇ ਸੋਧਕ) | ਸੰਗੀਤ ਮਿਸਟ੍ਰੈਸ (ਰਿਟਾਇਡ) ਬੀ.ਏ.ਬੀ.ਐਡ | ਸ.ਸ.ਸ.ਸ 3 ਬੀ-1 ਐਸ.ਏ.ਐਸ.ਨਗਰ |
| 3. ਰੇਨੂ ਭੱਟੀ (ਅਨੁਵਾਦਕ) | ਪ੍ਰਿੰਸੀਪਲ (ਰਿਟਾਇਡ) ਐਮ. ਏ., ਬੀ.ਐਡ | ਆਦਰਸ਼ ਸ.ਸ.ਸ ਖਟਕੜ ਕਲਾ ਸ਼ਹੀਦ ਭਗਤ ਸਿੰਘ ਨਗਰ |
| 4. ਸ.ਮਨਜੀਤ ਸਿੰਘ | ਜੁਨੀਅਰ ਆਰਟਿਸਟ | ਪੰਜਾਬ ਸਕੂਲ ਸਿੱਖਿਆ ਬੋਰਡ |
| 5. ਚਰਨਪ੍ਰੀਤ ਕੌਰ (ਵਿਸ਼ਾ ਕੋਆਡੀਨੇਟਰ) | ਲੈਕ : ਸੰਗੀਤ | ਪੰਜਾਬ ਸਕੂਲ ਸਿੱਖਿਆ ਬੋਰਡ |





**ਪੰਜਾਬ ਸਕੂਲ ਸਿੱਖਿਆ ਬੋਰਡ**

**ਸਾਹਿਬਜ਼ਾਦਾ ਅਜੀਤ ਸਿੰਘ ਨਗਰ**

© ਪੰਜਾਬ ਸਰਕਾਰ

ਐਡੀਸ਼ਨ 2021-22 .................... 2600 ਕਾਪੀਆਂ

All rights, including those of translation, reproduction
and annotation etc., are reserved by the
Punjab Government.

## ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)।
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ ।)

**ਮੁੱਲ : ₹ 31**

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਐਚ. ਟੀ. ਮੀਡਿਆ ਲਿ., ਗ੍ਰੇਟਰ ਨੋਇਡਾ ਦੁਆਰਾ ਛਾਪੀ ਗਈ।

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਸਕੂਲ ਪੱਧਰ ਦੇ ਸਾਰੇ ਵਿਸ਼ਿਆਂ ਦੇ ਪਾਠ-ਕ੍ਰਮ ਨੂੰ ਸੋਧਣ ਅਤੇ ਇਸ ਸੋਧੇ ਹੋਏ ਪਾਠ-ਕ੍ਰਮ ਅਨੁਸਾਰ ਪਾਠ-ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ।

ਸੰਗੀਤ (ਗਾਇਨ) ਵਿਸ਼ੇ ਦਾ ਮਿਡਲ ਸ਼੍ਰੇਣੀ ਦਾ ਪਾਠ-ਕ੍ਰਮ ਕਈ ਸਾਲਾਂ ਤੋ ਪੁਰਾਣਾ ਹੀ ਲਾਗੂ ਸੀ ਅਜੋਕੇ ਯੁਗ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਇਸ ਵਿਸ਼ੇ ਦੇ ਪਾਠ-ਕ੍ਰਮ ਨੂੰ ਸੋਧਣਾ ਜ਼ਰੂਰੀ ਸੀ। ਇਸ ਲਈ ਦਾਖਲਾ ਸਾਲ 2010-11 ਤੋਂ ਖੇਤਰੀ ਵਿਸ਼ਾ ਮਾਹਿਰਾਂ ਦੇ ਸਹਿਯੋਗ ਨਾਲ ਪਾਠ-ਕ੍ਰਮ ਨੂੰ ਸੋਧਿਆ ਗਿਆ। ਸੋਧੇ ਗਏ ਪਾਠ-ਕ੍ਰਮ ਅਨੁਸਾਰ ਸੰਗੀਤ ਵਿਸ਼ੇ ਦੀਆਂ ਨਵੀਆਂ ਪਾਠ-ਪੁਸਤਕਾਂ ਦਾਖਲਾ ਸਾਲ 2012-13 ਲਈ ਤਿਆਰ ਕੀਤੀਆਂ ਗਈਆਂ ਹਨ।

ਹੱਥਲੀ ਪੁਸਤਕ ਛੇਵੀਂ, ਸੱਤਵੀਂ ਅਤੇ ਅੱਠਵੀਂ ਸ਼੍ਰੇਣੀਆਂ ਲਈ ਤਿਆਰ ਕੀਤੀ ਗਈ ਹੈ। ਇਸ ਪੁਸਤਕ ਦੀ ਸਮੱਗਰੀ ਨੂੰ ਸਰਲ, ਰੌਚਕ ਅਤੇ ਸਪੱਸ਼ਟ ਬਣਾਉਣ ਲਈ ਲੋੜੀਂਦੇ ਸਾਜ਼ਾਂ ਅਤੇ ਸੰਗੀਤਕਾਰਾਂ ਦੇ ਚਿੱਤਰ ਦਿੱਤੇ ਗਏ ਹਨ। ਗਾਇਨ ਦੇ ਅਭਿਆਸ ਲਈ ਕਿਰਿਆਤਮਕ ਭਾਗ ਵਿੱਚ ਸੁਰ ਅਭਿਆਸ ਉੱਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ, ਤਾਂ ਜੋ ਵਿਦਿਆਰਥੀ ਸੰਗੀਤ ਨੂੰ ਕਿਰਿਆਤਮਕ ਰੂਪ ਵਿੱਚ ਗ੍ਰਹਿਣ ਕਰ ਸਕਣ।

ਆਸ ਹੈ ਕਿ ਇਹ ਪੁਸਤਕ ਵਿਦਿਆਰਥੀਆਂ ਵਿੱਚ ਸੰਗੀਤ ਪ੍ਰਤੀ ਰੂਚੀ ਪੈਦਾ ਕਰੇਗੀ। ਇਹ ਪੁਸਤਕ ਅਧਿਆਪਕਾਂ ਅਤੇ ਵਿਦਿਆਰਥੀਆਂ ਦੋਹਾਂ ਲਈ ਲਾਹੇਵੰਦ ਸਿੱਧ ਹੋਵੇਗੀ। ਇਸ ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚ ਪ੍ਰਾਪਤ ਹੋਵੇ ਸੁਝਾਵਾਂ ਦਾ ਸਤਿਕਾਰ ਕੀਤਾ ਜਾਵੇਗਾ।

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

# ਵਿਸ਼ਾ ਸੂਚੀ

### ਭਾਗ ਪਹਿਲਾ

## ਛੇਵੀਂ ਸ਼੍ਰੇਣੀ ਲਈ


| ਪਾਠ ਨੰ. | ਵਿਸ਼ਾ | ਪੰਨਾ ਨੰ: |
|---|---|---|
| ਪਾਠ 1 | ਸੰਗੀਤ (ਗਾਇਨ, ਵਾਦਨ ਅਤੇ ਨਰਿਤ) | 3 |
| ਪਾਠ 2 | ਅਲੰਕਾਰ | 4 |
| ਪਾਠ 3 | ਆਰੋਹ-ਅਵਰੋਹ | 5 |
| ਪਾਛ 4 | ਲੈਅ | 6 |
| ਪਾਠ 5 | ਸਪਤਕ | 7 |
| ਪਾਠ 6 | ਸਵਰ | 8 |
| ਪਾਠ 7 | ਅਲੰਕਾਰ | 9 |
| ਪਾਠ 8 | ਤਾਲ (ਦਾਦਰਾ ਤੇ ਕਹਿਰਵਾ) | 10 |


### ਭਾਗ ਦੂਜਾ

## ਸੱਤਵੀਂ ਸ਼੍ਰੇਣੀ ਲਈ


| | | |
|---|---|---|
| ਪਾਠ 1 | ਸਵਰ (ਸ਼ੁੱਧ, ਕੋਮਲ, ਤੀਵਰ) | 13 |
| ਪਾਠ 2 | ਨਾਦ | 14 |
| ਪਾਠ 3 | ਭਾਸ਼ਾਵਾਂ (ਵਾਦੀ, ਸਮਵਾਦੀ, ਅਨੁਵਾਦੀ, ਵਿਵਾਦੀ, ਵਰਜਿਤ ਸੁਰ) | 15 |
| ਪਾਠ 4 | ਰਾਗ, ਰਾਗ ਦੇ ਨਿਯਮ | 17 |
| ਪਾਠ 5 | ਪਕੜ | 18 |
| ਪਾਠ 6 | ਸ਼ਰੂਤੀ | 19 |
| ਪਾਠ 7 | ਪੰ: ਵਿਸ਼ਣੂ ਨਰਾਇਣ ਭਾਤਖੰਡੇ | 21 |
| ਪਾਠ 8 | ਹਰਮੋਨੀਅਮ | 23 |
| ਪਾਠ 9 | ਰਾਗ ਭੁਪਾਲੀ | 25 |

| | | |
|---|---|---|
| ਪਾਠ 10 | ਰਾਗ ਦੁਰਗਾ | 28 |
| ਪਾਠ 11 | ਤਾਲਾਂ ਤਿੰਨ ਤਾਲ | 31 |


### ਭਾਗ ਤੀਜਾ

## ਅੱਠਵੀਂ ਸ਼੍ਰੇਣੀ ਲਈ


| | | |
|---|---|---|
| ਪਾਠ 1 | ਜਾਤੀ ਕਿਸ ਨੂੰ ਕਹਿੰਦੇ ਹਨ (ਔੜਵ, ਸ਼ਾੜਵ, ਸੰਪੂਰਨ) ਤੇ ਉਪਜਾਤੀਆਂ | 35 |
| ਪਾਠ 2 | ਪਰਿਭਾਸ਼ਾਵਾਂ | 37 |
| ਪਾਠ 3 | ਗਾਇਕ ਦੇ ਗੁਣ ਅਤੇ ਔਗੁਣ | 39 |
| ਪਾਠ 4 | ਥਾਟ | 41 |
| ਪਾਠ 5 | ਦਲੀਪ ਚੰਦਰ ਬੇਦੀ | 43 |
| ਪਾਠ 6 | ਤਾਨਪੁਰਾ | 45 |
| ਪਾਠ 7 | ਸਵਰ ਲਿਪੀ | 48 |
| ਪਾਠ 8 | ਰਾਗ ਭੈਰਵੀ | 50 |
| ਪਾਠ 9 | ਰਾਗ ਖਮਾਜ | 53 |
| ਪਾਠ 10 | ਤਾਲਾਂ-ਇੱਕ ਤਾਲ ਤੇ ਝਪ ਤਾਲ | 56 |
| ਪਾਠ 11 | ਪਹਾੜੀ ਲੋਕ ਗੀਤ | 58 |
| ਪਾਠ 12 | ਛੇਵੀਂ, ਸਤਵੀਂ ਅਤੇ ਅੱਠਵੀਂ ਦੇ ਪਾਠ-ਕ੍ਰਮ ਦੀਆਂ ਸਭ ਤਾਲਾਂ ਦੀ ਦੁੱਗਣ | 60 |
| ਪਾਠ 13 | ਰਾਗਾਂ ਦਾ ਚਾਰਟ | 61 |
| ਪਾਠ 14 | ਪੰਜਾਬੀ ਲੋਕ ਗੀਤ | 62 |

## ਭਾਗ ਪਹਿਲਾ

# ਛੇਵੀਂ ਸ਼੍ਰੇਣੀ ਲਈ

ਪਾਠ-1

# ਸੰਗੀਤ (ਗਾਇਨ, ਵਾਦਨ ਅਤੇ ਨ੍ਰਿਤ)

ਸਵਰ, ਤਾਲ਼, ਸ਼ੁੱਧ ਉਚਾਰਣ ਹਾਵ-ਭਾਵ ਅਤੇ ਸ਼ੁੱਧ ਮੁਦਰਾ ਦੇ ਨਾਲ਼ ਜਦੋਂ ਗਾਇਆ ਵਜਾਇਆ ਜਾਵੇ ਉਸ ਨੂੰ ਸੰਗੀਤ ਕਹਿੰਦੇ ਹਨ।

ਸੰਗੀਤ ਸ਼ਬਦ, ਗੀਤ ਸ਼ਬਦ ਵਿੱਚ ਉਪਸਰਗ ਲਗਾ ਕੇ ਬਣਿਆ ਹੈ 'ਸੰ' ਦਾ ਅਰਥ ਹੈ ਅੱਛਾ ਅਤੇ ਗੀਤ ਦਾ ਅਰਥ ਹੈ ਗਾਣਾ। ਸੰਗੀਤ ਗਾਇਨ, ਵਾਦਨ ਅਤੇ ਨ੍ਰਿਤ ਤੇ ਮਾਧਿਯਮ ਤੋਂ ਭਾਵ ਪੈਦਾ ਕਰਨ ਵਾਲੀ ਰਚਨਾ ਹੈ। ਇਹਨਾਂ ਤਿੰਨ੍ਹਾਂ ਦੇ ਹੀ ਸਮੂਹ ਨੂੰ ਆਧੁਨਿਕ ਸਮੇਂ ਵਿੱਚ ਸੰਗੀਤ ਕਿਹਾ ਗਿਆ ਹੈ। ਕਈ ਸੰਗੀਤਕਾਰ ਗਾਇਨ ਨੂੰ ਹੀ ਸਰਬਸ਼੍ਰੇਠ ਮੰਨਦੇ ਹਨ। ਪੰਰਤੂ ਅਸਲ ਵਿੱਚ ਅੱਜ ਸੰਗੀਤ ਦੀਆਂ ਤਿੰਨੋ ਕਲਾਵਾਂ ਆਪਣੇ-ਆਪਣੇ ਰੂਪ ਵਿੱਚ ਬਹੁਤ ਵਿਕਸਿਤ ਹੋ ਚੁੱਕੀਆਂ ਹਨ। ਜਿਵੇਂ ਗਾਇਨ ਆਪਣੇ ਸ਼ਾਸਤਰੀ ਰੂਪ, ਸੁਗਮ ਰੂਪ ਅਤੇ ਲੋਕਗੀਤ ਦੇ ਰੂਪ ਵਿੱਚ, ਵਾਦਨ ਆਪਣੇ ਏਕਲ ਰੂਪ, ਵਰਿੰਦਵਾਦਨ ਦੇ ਰੂਪ ਵਿੱਚ, ਨਰਿਤ, ਸ਼ਾਸਤਰੀ ਨ੍ਰਿਤ, ਸੁਗਮਨ੍ਰਿਤ ਅਤੇ ਲੋਕ ਨ੍ਰਿਤ ਦੇ ਰੂਪ ਵਿੱਚ ਵਿਕਸਿਤ ਹੋ ਰਿਹਾ ਹੈ।

**ਸੰਗੀਤ ਦੀਆਂ ਹੇਠ ਲਿਖੀਆਂ ਮੁੱਖ ਤਿੰਨ ਕਲਾਵਾਂ ਹਨ** :

**ਗਾਇਨ** : ਜਿਸ ਸੰਗੀਤ ਨੂੰ ਕੰਠ ਰਾਹੀਂ ਸਵਰ, ਲੈਅ ਅਤੇ ਤਾਲ ਦੇ ਨਾਲ ਗਾਇਆ ਜਾਵੇ ਉਸ ਨੂੰ ਗਾਇਨ ਕਹਿੰਦੇ ਹਨ।

**ਵਾਦਨ** : ਜਿਸ ਸੰਗੀਤ ਦੇ ਸਵਰਾਂ, ਲੈਅ ਅਤੇ ਤਾਲ ਦੇ ਨਾਲ ਕਿਸੇ ਸਾਜ ਤੇ ਵਜਾਇਆ ਜਾਵੇ ਉਸਨੂੰ ਵਾਦਨ ਕਹਿੰਦੇ ਹਨ।

**ਨਰਿਤ** : ਜਦੋਂ ਆਪਣੇ ਆਤਮਿਕ ਭਾਵਾਂ ਨੂੰ ਤਾਲ ਬੱਧ ਢੰਗ ਨਾਲ ਸਰੀਰਿਕ ਮੁਦ੍ਰਾਵਾਂ ਦੇ ਨਾਲ ਪ੍ਰਗਟ ਕੀਤਾ ਜਾਵੇ ਉਸ ਨੂੰ ਨ੍ਰਿਤ ਕਹਿੰਦੇ ਹਨ।

ਗਾਇਨ, ਵਾਦਨ ਅਤੇ ਨ੍ਰਿਤ ਦਾ ਸਵਤੰਤਰ ਸਥਾਨ ਹੋਣ ਦੇ ਬਾਵਜੂਦ ਇਹ ਤਿੰਨੋਂ ਕਲਾਵਾਂ ਦਾ ਆਪਸ ਵਿੱਚ ਬਹੁਤ ਗੂੜ੍ਹਾ (ਗਹਿਰਾ) ਸੰਬੰਧ ਹੈ ਅਤੇ ਇਹ ਤਿੰਨੋਂ ਇੱਕ ਦੂਜੇ ਤੇ ਆਸ਼ਰਿਤ ਹਨ।

******

## ਪਾਠ-2

# ਅਲੰਕਾਰ

ਜਦ ਸਵਰਾਂ ਨੂੰ ਕਿਸੇ ਖਾਸ ਕ੍ਰਮ ਵਿੱਚ ਰੱਖਦੇ ਹੋਏ ਆਰੋਹ, ਅਵਰੋਹ ਦੇ ਰੂਪ ਵਿੱਚ ਗਾਇਆ ਵਜਾਇਆ ਜਾਵੇ ਉਸ ਰਚਨਾ ਨੂੰ ਅਲੰਕਾਰ ਕਹਿੰਦੇ ਹਨ। ਕਈ ਵਿਦਵਾਨ ਅਲੰਕਾਰਾਂ ਨੂੰ ਪਲਟਾ ਵੀ ਕਹਿੰਦੇ ਹਨ। ਅਲੰਕਾਰ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਆਭੂਸ਼ਣ ਜਾਂ ਗਹਿਣਾ। ਜਿਸ ਤਰ੍ਹਾਂ ਸਰੀਰ ਨੂੰ ਸਜਾਉਣ ਲਈ ਭਿੰਨ-ਭਿੰਨ ਪ੍ਰਕਾਰ ਦੇ ਆਭੂਸ਼ਣਾ ਦੀ ਲੋੜ ਹੁੰਦੀ ਹੈ ਉਸੇ ਤਰ੍ਹਾਂ ਸੰਗੀਤ ਨੂੰ ਸਜਾਉਣ ਲਈ ਅਲੰਕਾਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸੁਰਾਂ ਦੇ ਛੋਟੇ-ਛੋਟੇ ਸਮੂਹਾਂ ਨੂੰ ਲੈ ਕੇ ਅਲੰਕਾਰਾਂ ਦੀ ਰਚਨਾ ਕੀਤੀ ਜਾਂਦੀ ਹੈ। ਅਲੰਕਾਰਾਂ ਦੀ ਰਚਨਾ ਵਿੱਚ ਸੁਰਾਂ ਦੀ ਸੰਖਿਆ ਲਈ ਕੋਈ ਨਿਯਮ ਨਹੀਂ ਹੈ। ਅਲੰਕਾਰਾਂ ਦੀ ਰਚਨਾ ਵਿੱਚ ਸੁਰਾਂ ਦੀ ਸੰਖਿਆ ਤੇ ਕ੍ਰਮ ਆਪਣੀ ਮਰਜੀ ਅਨੁਸਾਰ ਨਿਯਮਬੱਧ ਰੱਖਿਆ ਜਾਂਦਾ ਹੈ। ਤਾਨਾਂ ਵੀ ਅਲੰਕਾਰ ਦੇ ਅਧਾਰ ਤੇ ਬਣਦੀਆਂ ਹਨ। ਜਿਵੇਂ ਸਾ ਰੇ ਗਾ ਰੇ ਸਾ ऽ ਰੇ ਗਾ ਮਾ ਰੇ ऽ ਅਲੰਕਾਰਾਂ ਨੂੰ ਜੇਕਰ ਅਕਾਰ ਨਾਲ ਗਾਇਆ ਜਾਵੇ ਅਤੇ ਨਾਲ ਹੀ ਤਾਲ ਵੀ ਦਿੱਤੀ ਜਾਵੇ ਤਾਂ ਗਲਾ ਅਤੇ ਲੈਅ ਦੋਵੇਂ ਤਿਆਰ ਹੋ ਜਾਂਦੇ ਹਨ।

**ਅਲੰਕਾਰਾਂ ਦੇ ਲਾਭ :—**

1. ਅਲੰਕਾਰਾਂ ਦੇ ਅਭਿਆਸ ਨਾਲ ਸਵਰ ਗਿਆਨ ਵਧਦਾ ਹੈ ਅਤੇ ਲੈਅ ਦੀ ਸਹੀ ਜਾਣਕਾਰੀ ਮਿਲਦੀ ਹੈ।
2. ਅਲੰਕਾਰਾਂ ਦੇ ਅਭਿਆਸ ਨਾਲ ਕਲਪਨਾ ਸ਼ਕਤੀ ਦਾ ਵਿਕਾਸ ਹੁੰਦਾ ਹੈ।
3. ਅਲੰਕਾਰਾਂ ਦੇ ਅਭਿਆਸ ਨਾਲ਼ ਗਲਾ ਚੰਗੀ ਤਰ੍ਹਾਂ ਤਿਆਰ ਹੋ ਜਾਂਦਾ ਹੈ ਅਤੇ ਗਾਉਣ ਵਿੱਚ ਮਿਠਾਸ ਪੈਦਾ ਹੋ ਜਾਂਦੀ ਹੈ।

4. ਅਲੰਕਾਰਾਂ ਦਾ ਸਾਜਾਂ ਤੇ ਅਭਿਆਸ ਕਰਨ ਨਾਲ਼ ਮਾਸਪੇਸ਼ਿਆਂ ਨੂੰ ਲੰਬੇ ਸਮੇਂ ਤੱਕ ਕੰਮ ਕਰਨ ਦੀ ਸ਼ਕਤੀ ਮਿਲਦੀ ਹੈ।
5. ਅਲੰਕਾਰਾਂ ਦੇ ਅਭਿਆਸ ਕਰਨ ਨਾਲ ਰਾਗਾਂ ਦੀਆਂ ਤਾਨਾਂ ਅਤੇ ਅਲਾਪ ਦੀ ਰਚਨਾ ਕਰਨ ਵਿੱਚ ਸਹਾਇਤਾ ਮਿਲਦੀ ਹੈ।
6. ਅਲੰਕਾਰਾਂ ਦੇ ਅਭਿਆਸ ਤੋਂ ਬਾਅਦ ਵਿਦਿਆਰਥੀ ਖੁਦ ਅਲੰਕਾਰ ਬਣਾ ਸਕਦਾ ਹੈ।

******

## ਪਾਠ-3

# ਆਰੋਹ-ਅਵਰੋਹ

**ਆਰੋਹ** : ਆਰੋਹ ਦਾ ਅਰਥ ਹੈ ਚੜ੍ਹਦਾ ਕ੍ਰਮ, ਅਰਥਾਤ ਜਦੋਂ ਅਸੀਂ ਮੱਧ ਸਪਤਕ ਦੇ ਸਾ ਤੋਂ ਤਾਰ ਸਪਤਕ ਦੇ ਸਾਂ ਤੱਕ ਚੜ੍ਹਦਾ ਕ੍ਰਮ ਕਰਦੇ ਹਾਂ ਉਸ ਨੂੰ ਆਰੋਹ ਕਹਿੰਦੇ ਹਨ ਜਿਵੇਂ ਸਾ, ਰੇ, ਗ, ਮ, ਪ, ਧ ਨੀ, ਸਾਂ। ਇਸ ਵਿੱਚ ਚੜ੍ਹਦਾ ਕ੍ਰਮ ਹੋਣ ਕਾਰਣ ਸਵਰਾਂ ਦੀ ਆਵਾਜ਼ ਕ੍ਰਮਿਕ ਉੱਚੀ ਹੁੰਦੀ ਜਾਂਦੀ ਹੈ। ਜਿਵੇ= ਸਾ ਰੇ ਗ ਮ ਪ ਧ ਨੀ ਸਾਂ। . . .

**ਅਵਰੋਹ** : ਅਵਰੋਹ ਦਾ ਅਰਥ ਹੈ ਉਤਰਦਾ ਕ੍ਰਮ ਜਦੋਂ ਤਾਰ ਸਪਤਕ ਦੇ ਸਾਂ ਤੋਂ ਮੱਧ ਸਪਤਕ ਦੇ ਸਾ ਤੱਕ ਜਾਣ ਨੂੰ ਅਵਰੋਹ ਕਹਿੰਦੇ ਹਨ ਜਿਵੇਂ ਸਾਂ ਨੀ ਧ ਪ ਮ ਗ ਰੇ ਸਾ। ਇਸ ਵਿੱਚ ਉਤਰਦੇ ਕ੍ਰਮ ਹੋਣ ਕਾਰਣ ਆਵਾਜ਼ ਕ੍ਰਮਿਕ ਨੀਵੀਂ ਹੁੰਦੀ ਜਾਂਦੀ ਹੈ। ਜਿਵੇਂ ਸਾਂ ਨੀ ਧ ਪ ਮ ਗ ਰੇ ਸਾ।

ਗਾਇਕ ਜਾਂ ਵਾਦਕ ਗਾਉਂਦੇ ਜਾਂ ਵਜਾਉਂਦੇ ਸਮੇਂ ਕਿਸੇ ਵਿਸ਼ੇਸ਼ ਸਵਰ ਦੇ ਠਹਿਰਦੇ ਉਪਰ ਨੀਚੇ ਚੜ੍ਹਦੇ ਉਤਰਦੇ ਰਹਿੰਦੇ ਹਨ। ਇਸ ਨੂੰ ਸੰਗੀਤ ਦੀ ਭਾਸ਼ਾ ਵਿੱਚ ਆਰੋਹ, ਅਵਰੋਹ ਕਹਿੰਦੇ ਹਨ।

******

## ਪਾਠ-4

# ਲੈਅ

ਲੈਅ ਸ਼ਬਦ ਦੀ ਉਤਪੱਤੀ 'ਲੀ' ਧਾਤੂ ਤੋਂ ਪੈਦਾ ਹੋਈ ਹੈ ਜਿਸ ਦਾ ਅਰਥ ਹੈ 'ਲਗਾਤਾਰ ਚਲਨਾ', ਜਾਂ ਇਸ ਨੂੰ ਹੋਰ ਵੀ ਅਸਾਨ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ, ਸਮੇਂ ਦੀ ਬਰਾਬਰ ਚਾਲ ਨੂੰ ਲੈਅ ਕਹਿੰਦੇ ਹਨ। ਇਹ ਲੈਅ ਹੀ ਸਾਰੇ ਸੰਗੀਤ ਦਾ ਆਧਾਰ ਹੈ.

**ਲੈਅ ਤਿੰਨ ਤਰ੍ਹਾਂ ਦੀ ਮੰਨੀ ਜਾਂਦੀ ਹੈ :—**

1. ਵਿਲੰਬਿਤ ਲੈਅ
2. ਮੱਧ ਲੈਅ
3. ਦੱਰੁਤ ਲੈਅ

**1. ਵਿੰਲਬਿਤ ਲੈਅ** : ਜਿਸ ਲੈਅ ਦੀ ਗਤੀ ਬਹੁਤ ਧੀਮੀ ਹੁੰਦੀ ਹੈ ਅਰਥਾਤ ਸਧਾਰਣ ਗਤੀ ਤੋਂ ਦੁਗਣੀ ਨੀਵੀਂ ਹੁੰਦੀ ਹੈ ਉਸ ਨੂੰ ਵਿੰਲਬਿਤ ਲੈਅ ਕਹਿੰਦੇ ਹਨ।

**2. ਮੱਧ ਲੈਅ:** ਜਿਹੜੀ ਲੈਅ ਨਾ ਜ਼ਿਆਦਾ ਤੇਜ਼ ਅਤੇ ਨਾ ਹੀ ਬਹੁਤ ਧੀਮੀ ਹੋਵੇ ਅਰਥਾਤ ਸਧਾਰਣ ਹੋਵੇ ਉਸ ਨੂੰ ਮੱਧ ਲੈਅ ਕਹਿੰਦੇ ਹਨ।

**3. ਦੱਰੁਤ ਲੈਅ** : ਮੱਧ ਲੈਅ ਤੋਂ ਦੁਗਣੀ ਤੇਜ ਅਤੇ ਵਿਲੰਬਿਤ ਲੈਅ ਤੋਂ ਚੌਗੁਣੀ ਲੈਅ ਨੂੰ ਦੱਰੁਤ ਲੈਅ ਕਹਿੰਦੇ ਹਨ। ਇਸ ਲੈਅ ਨਾਲ਼ ਸੰਗੀਤ ਵਿੱਚ ਥਿਰਕਨ ਆ ਜਾਂਦੀ ਹੈ।

******

## ਪਾਠ-5

# ਸਪਤਕ

ਸੰਗੀਤ ਵਿੱਚ ਪ੍ਰਯੋਗ ਹੋਣ ਵਾਲੇ ਸੱਤ ਸਵਰਾਂ ਦੇ ਸਮੂਹ ਨੂੰ ਸਪਤਕ ਕਹਿੰਦੇ ਹਨ। ਇਹ ਸਵਰ ਹਨः ਸ ਰੇ ਗ ਮ ਪ ਧ ਨੀ।

ਆਵਾਜ਼ ਜਾਂ ਧੁਨੀ ਕਈ ਤਰ੍ਹਾਂ ਦੀ ਹੁੰਦੀ ਹੈ ਜਿਵੇਂ ਕੋਈ ਆਵਾਜ਼ ਭਾਰੀ ਅਤੇ ਮੋਟੀ ਹੁੰਦੀ ਹੈ ਅਤੇ ਕੋਈ ਬਹੁਤ ਪਤਲੀ ਅਤੇ ਬਰੀਕ ਹੁੰਦੀ ਹੈ। ਧਵਨੀ ਦੇ ਇਸ ਅੰਤਰ ਨੂੰ ਦੇਖਦੇ ਹੋਏ ਸੰਗੀਤ ਵਿਦਵਾਨ ਸਪਤਕ ਦੇ ਮੁੱਖ ਤਿੰਨ ਪ੍ਰਕਾਰ ਮੰਨਦੇ ਹਨ :

1. **ਮੰਦਰ ਸਪਤਕ** : ਜਿਹੜੀ ਆਵਾਜ਼ ਜ਼ਿਆਦਾ ਨੀਵੀਂ ਅਤੇ ਭਾਰੀ ਹੋਵੇ ਉਸ ਨੂੰ ਮੰਦਰ ਸਪਤਕ ਦੀ ਆਵਾਜ਼ ਕਹਿੰਦੇ ਹਨ। ਇਹਨਾਂ ਸਵਰਾਂ ਦੀ ਪਹਿਚਾਨ ਲਈ ਸਵਰਲਿੱਪੀ ਪੱਦਤੀ ਅਨੁਸਾਰ ਸਵਰਾਂ ਦੇ ਨੀਚੇ ਬਿੰਦੂ ਚਿੰਨ੍ਹ ਲਗਾਇਆ ਜਾਂਦਾ ਹੈ। ਜਿਵੇਂ ਰੇ, ਗ, ਮ।

2. **ਮੱਧ ਸਪਤਕ** : ਇਸ ਸਪਤਕ ਦੀ ਆਵਾਜ਼ ਨਾ ਜ਼ਿਆਦਾ ਨੀਵੀਂ ਅਤੇ ਨਾਂ ਹੀ ਜਿਆਦਾ ਉੱਚੀ ਹੁੰਦੀ ਹੈ ਅਰਥਾਤ ਸਾਧਾਰਨ ਹੁੰਦੀ ਹੈ। ਇਸ ਸਪਤਕ ਦੇ ਸਵਰਾਂ ਦੀ ਪਹਿਚਾਨ ਲਈ ਇਹਨਾਂ ਤੇ ਕੋਈ ਚਿੰਨ੍ਹ ਨਹੀਂ ਲਗਾਇਆ ਜਾਂਦਾ ਜਿਵੇਂ ਰੇ, ਗ, ਮ।

3. **ਤਾਰ ਸਪਤਕ** : ਜਿਹੜੀ ਆਵਾਜ਼ ਜ਼ਿਆਦਾ ਉੱਚੀ ਅਤੇ ਤਿੱਖੀ ਹੁੰਦੀ ਹੈ ਉਹ ਤਾਰ ਸਪਤਕ ਦੀ ਆਵਾਜ਼ ਕਹਿਲਾਉਂਦੀ ਹੈ। ਇਹ ਮੱਧ ਸਪਤਕ ਦੀ ਆਵਾਜ਼ ਤੋਂ ਦੁਗਣੀ ਉੱਚੀ ਹੁੰਦੀ ਹੈ। ਇਹਨਾਂ ਸਵਰਾਂ ਦੀ ਪਹਿਚਾਨ ਦੇ ਲਈ ਸਵਰ ਲਿੱਪੀ ਪਦਵੀ ਅਨੁਸਾਰ ਸਵਰਾਂ ਦੇ ਉੱਪਰ ਬਿੰਦੂ ਚਿੰਨ੍ਹ ਲਗਾਇਆ ਜਾਂਦਾ ਹੈ ਜਿਵੇਂ ਰੇਂ ਗਂ ਮਂ।

******

# ਪਾਠ-6
# ਸਵਰ

**ਸਵਰ ਦੀ ਪਰਿਭਾਸ਼ਾ :** ਉਹ ਸੰਗੀਤ ਉਪਯੋਗੀ ਆਵਾਜ਼ ਜਿਹੜੀ ਸਪਸ਼ਟ ਅਤੇ ਆਪਣੇ ਆਪ ਵਿੱਚ ਮਿੱਠੀ ਹੋਏ ਅਤੇ ਸੁਨਣ ਵਾਲਿਆਂ ਦੇ ਮਨ ਨੂੰ ਮੋਹੇ ਜਾਂ ਆਕਰਸ਼ਿਤ ਕਰੇ ਉਸ ਨੂੰ ਸਵਰ ਕਹਿੰਦੇ ਹਨ।

**ਸ਼ੁੱਧ ਸਵਰ :** ਉਹ ਸਵਰ ਜਿਹੜੇ ਆਪਣੇ ਨਿਸ਼ਚਿਤ ਸਥਾਨ ਤੇ ਰਹਿੰਦੇ ਹੋਣ ਉਹਨਾਂ ਨੂੰ ਸ਼ੁੱਧ ਸਵਰ ਕਹਿੰਦੇ ਹਨ। ਇਹਨਾਂ ਦੇ ਨਾਂ ਇਸ ਤਰ੍ਹਾਂ ਹਨ :

| ਲੜੀ ਨੰ: | ਸਵਰਾਂ ਦੇ ਨਾਂ | ਉੱਚਾਰਣ ਵਿੱਚ ਸਵਰਾਂ ਦੇ ਨਾਂ |
|---|---|---|
| 1. | ਸ਼ੜਜ | ਸ |
| 2. | ਰਿਸ਼ਭ | ਰੇ |
| 3. | ਗੰਧਾਰ | ਗ |
| 4. | ਮੱਧਮ | ਮ |
| 5. | ਪੰਚਮ | ਪ |
| 6. | ਧੈਵਤ | ਧ |
| 7. | ਨਿਸ਼ਾਦ | ਨੀ |

ਇਹਨਾਂ ਸਵਰਾਂ ਦੀ ਪਹਿਚਾਨ ਲਈ ਸਵਰਾਂ ਤੇ ਕੋਈ ਚਿੰਨ੍ਹ ਨਹੀਂ ਲਗਾਇਆ ਜਾਂਦਾ। ਇਹਨਾਂ ਨੂੰ ਪ੍ਰਾਕ੍ਰਿਤਿਕ ਸਵਰ ਵੀ ਕਹਿੰਦੇ ਹਨ।

******

## ਪਾਠ-7

# ਅਲੰਕਾਰ

1

| | | | | | | | | | |
|---|---|---|---|---|---|---|---|---|---|
| ਆਰੋਹ | : | ਸਾ | ਰੇ | ਗਾ | ਮਾ | ਪਾ | ਧਾ | ਨੀ | ਸਾਂ |
| ਅਵਰੋਹ | : | ਸਾਂ | ਨੀ | ਧਾ | ਪਾ | ਮਾ | ਗਾ | ਰੇ | ਸਾ |

2

| | | | | | | | | | |
|---|---|---|---|---|---|---|---|---|---|
| **ਆਰੋਹ** | : | ਸਾਸਾ | ਰੇਰ | ਗਾਗਾ | ਮਾਮਾ | ਪਾਪਾ | ਧਾਧਾ | ਨੀਨੀ | ਸਾਂਸਾਂ |
| ਅਵਰੋਹ | : | ਸਾਂਸਾਂ | ਨੀਨੀ | ਧਾਧਾ | ਪਾਪਾ | ਮਾਮਾ | ਗਾਗਾ | ਰੇਰੇ | ਸਾਸਾ |

3

| | | | | | | | |
|---|---|---|---|---|---|---|---|
| ਆਰੋਹ | : | ਸਾਰੇਗਾ | ਰੇਗਾਮਾ | ਗਾਮਾਪਾ | ਮਾਪਾਧਾ | ਪਾਧਾਨੀ | ਧਾਨੀਸਾਂ |
| ਅਵਰੋਹ | : | ਸਾਂਨੀਧਾ | ਨੀਧਾਪਾ | ਧਾਪਾਮਾ | ਪਾਮਾਗਾ | ਮਾਗਾਰੇ | ਗਾਰੇਸਾ |

4

| | | | | | | |
|---|---|---|---|---|---|---|
| ਆਰੋਹ | : | ਸਾਰੇਗਾਮਾ | ਰੇਗਾਮਾਪਾ | ਗਾਮਾਪਾਧਾ | ਮਾਪਾਧਾਨੀ | ਪਾਧਾਨੀਸਾਂ |
| ਅਵਰੋਹ | : | ਸਾਂਨੀਧਾਪਾ | ਨੀਧਾਪਾਮਾ | ਧਾਪਾਮਾਗਾ | ਪਾਮਾਗਾਰੇ | ਮਾਗਾਰੇਸਾ |

5

ਆਰੋਹ : ਸਾਰੇਸਾਰੇਗਾ ਰੇਗਾਰੇਗਾਮਾ ਗਾਮਾਗਾਮਾਪਾ ਮਾਪਾਮਾਪਾਧਾ
ਪਾਧਾਪਾਧਾਨੀ ਧਾਨੀਧਾਨੀਸਾਂ

ਅਵਰੋਹ : ਸਾਂਨੀਸਾਂਨੀਧਾ ਨੀਧਾਨੀਧਾਪਾ ਧਾਪਾਧਾਪਾਮਾ ਪਾਮਾਪਾਮਾਗਾ
ਮਾਗਾਮਾਗਾਰੇ ਗਾਰੇਗਾਰੇਸਾ

******

ਪਾਠ-8

# ਤਾਲ਼ (ਦਾਦਰਾ ਤੇ ਕਹਿਰਵਾ)

## ਤਾਲ਼ ਕਹਿਰਵਾ

**ਕਹਿਰਵਾ\ਤਾਲ਼ ਦਾ ਪਰਿਚੈ :** ਤਾਲ ਕਹਿਰਵਾ 8 ਮਾਤਰਾਵਾਂ ਦੀ ਤਾਲ਼ ਹੈ। ਇਸ ਦੇ ਚਾਰ-ਚਾਰ ਮਾਤਰਾਂ ਦੇ ਦੋ ਵਿਭਾਗ ਹੁੰਦੇ ਹਨ। ਪਹਿਲੀ ਮਾਤਰਾ ਤੇ ਸਮ ਜਾਂ ਪਹਿਲੀ ਤੇ ਤਾਲੀ ਅਤੇ ਪੰਜਵੀਂ ਮਾਤਰਾ ਖਾਲੀ ਮਨਦੇ ਹਾਂ। ਇਸ ਤਾਲ਼ ਦਾ ਪ੍ਰਯੋਗ ਸੁਗਮ ਸੰਗੀਤ ਅਰਥਾਤ ਸ਼ਬਦ, ਭਜਨ, ਗਜ਼ਲ, ਲੋਕਗੀਤ ਆਦਿ ਨਾਲ਼ ਵਧੇਰੇ ਕੀਤਾ ਜਾਂਦਾ ਹੈ।

| **ਮੱਧ ਲੈਅ** | **ਤਾਲ ਕਹਿਰਵਾ** | | | | **ਇੱਕ ਗੁਣ** | | | |
|---|---|---|---|---|---|---|---|---|
| ਮਾਤਰਾ | 1 | 2 | 3 | 4 | 5 | 6 | 7 | 8 |
| ਤਾਲ਼ ਦੇ ਬੋਲ | ਧਾ | ਗੇ | ਨਾ | ਤੀ | ਨਾ | ਕੇ | ਧਿੰ | ਨਾ |
| ਚਿੰਨ੍ਹ | X | | | | | O | | |

## ਤਾਲ ਦਾਦਰਾ

**ਦਾਦਰਾ ਤਾਲ ਦਾ ਪਰਿਚੈ :** ਦਾਦਰਾ ਤਾਲ਼ 6 ਮਾਤਰਾਵਾਂ ਦੀ ਤਾਲ ਹੈ। ਇਸ ਤਾਲ ਦੇ ਤਿੰਨ-ਤਿੰਨ ਮਾਤਰਾ ਦੇ ਦੋ ਵਿਭਾਗ ਹੁੰਦੇ ਹਨ। ਪਹਿਲੀ ਮਾਤਰਾ 'ਤੇ ਸਮ ਜਾਂ ਪਹਿਲੀ ਤਾਲ਼ੀ ਅਤੇ ਚੌਥੀ ਮਾਤਰਾ ਖਾਲੀ ਮੰਨਦੇ ਹਾਂ।

ਇਹ ਤਾਲ਼ ਹਲਕੀਆਂ ਫੁਲਕੀਆਂ ਗਤਾਂ 'ਤੇ ਧੁਨਾਂ ਆਦਿ ਦੇ ਨਾਲ਼ ਵਜਾਈ ਜਾਂਦੀ ਹੈ।

| ਮੱਧ ਲੈਅ | ਤਾਲ ਦਾਦਰਾ | | | ਇੱਕ ਗੁਣ | | |
|---|---|---|---|---|---|---|
| ਮਾਤਰਾ | 1 | 2 | 3 | 4 | 5 | 6 |
| ਤਾਲ਼ ਦੇ ਬੋਲ | ਧਾ | ਧਿੰ | ਨਾ | ਧਾ | ਤਿੰ | ਨਾ |
| ਚਿੰਨ੍ਹ | X | | | | O | |

******

## ਭਾਗ-ਦੂਜਾ

# ਸੱਤਵੀਂ ਸ਼੍ਰੇਣੀ ਲਈ

## ਸੱਤਵੀਂ ਸ਼੍ਰੇਣੀ

## ਪਾਠ-1

# ਸਵਰ (ਸ਼ੁੱਧ ਕੋਮਲ, ਤੀਵਰ)

ਉਹ ਸੰਗੀਤ ਉਪਯੋਗੀ ਆਵਾਜ਼ ਜਿਹੜੀ ਸਪਸ਼ਟ ਅਤੇ ਆਪਣੇ ਆਪ ਵਿੱਚ ਮਿੱਠੀ ਹੋਵੇ ਅਤੇ ਸੁਨਣ ਵਾਲਿਆਂ ਦੇ ਮਨ੍ਹਾਂ ਨੂੰ ਮੋਹ ਜਾਂ ਆਕਰਸ਼ਿਤ ਕਰੇ ਉਸ ਨੂੰ ਸਵਰ ਕਹਿੰਦੇ ਹਨ।

**ਸਵਰ ਦੋ ਤਰ੍ਹਾਂ ਦੇ ਹੁੰਦੇ ਹਨ :**

1. ਅਚਲ ਸਵਰ

2. ਚਲ ਸਵਰ

**1. ਅਚਲ ਸਵਰ** : ਜਿਹੜਾ ਸਵਰ ਆਪਣੀ ਨਿਸ਼ਚਿਤ ਜਗ੍ਹਾ 'ਤੇ ਸਥਿਰ ਰਹਿੰਦੇ ਹਨ ਉਹਨਾਂ ਨੂੰ ਅਚਲ ਸਵਰ ਕਹਿੰਦੇ ਹਨ। ਇਹ ਦੋਂ ਹਨ ਸ ਅਤੇ ਪ।

**2. ਚਲ ਸਵਰ** : ਸ, ਪ ਨੂੰ ਛੱਡ ਕੇ ਬਾਕੀ ਦੇ ਸਵਰ ਜਿਹੜੀ ਆਪਣੀ ਜਗ੍ਹਾ ਤੋਂ ਉਪਰ ਜਾਂ ਨੀਚੇ ਵੱਲ ਹੋ ਜਾਣ ਉਹਨਾਂ ਨੂੰ ਚਲ ਸਵਰ ਕਹਿੰਦੇ ਹਨ। ਇਹ ਗਿਣਤੀ ਵਿੱਚ 5 ਹਨ : ਰੇ, ਗੁ, ਮ, ਧੁ, ਨੁੀ।

**ਸ਼ੁੱਧ ਸਵਰ** : ਚਲ ਅਤੇ ਅਚਲ ਸਵਰਾਂ ਦੇ ਆਪਣੇ ਸ਼ੁੱਧ ਰੂਪ ਨੂੰ ਸ਼ੁੱਧ ਸਵਰ ਕਹਿੰਦੇ ਹਨ। ਇਹ ਗਿਣਤੀ ਵਿੱਚ ਸੱਤ ਹਨ। ਸਾ ਰੇ ਗ ਮ ਪ ਧ ਨੀ। ਸ਼ੁੱਧ ਸਵਰਾਂ ਦੀ ਪਹਿਚਾਨ ਲਈ ਇਹਨਾਂ ਸਵਰਾਂ ਤੇਂ ਕੋਈ ਚਿੰਨ੍ਹ ਨਹੀਂ ਲਗਾਇਆ ਜਾਂਦਾ। ਇਹ ਹਮੇਸ਼ਾ ਆਪਣੇ ਸਥਾਨ ਤੇ ਨਿਸ਼ਚਿਤ ਰਹਿੰਦੇ ਹਨ। ਇਹਨਾਂ ਨੂੰ ਪ੍ਰਕ੍ਰਿਤਕ ਸਵਰ ਵੀ ਕਿਹਾ ਜਾਂਦਾ ਹੈ।

**ਕੋਮਲ ਸਵਰ** : ਜਦੋਂ ਸ਼ੁੱਧ ਸਵਰਾਂ ਨੂੰ ਨਿਯਤ ਸਥਾਨ ਤੋਂ ਥੋੜ੍ਹਾ ਨੀਵਾਂ ਕੀਤਾ ਜਾਂਦਾ ਹੈ ਉਹਨਾਂ ਨੂੰ ਕੋਮਲ ਸਵਰ ਕਹਿੰਦੇ ਹਨ। ਇਹ ਸਿਰਫ਼ ਚਾਰ ਹਨ : ਰੇ ਗ ਧ ਨੀ। ਸਵਰ ਲਿੱਪੀ ਵਿੱਚ ਇਹਨਾਂ ਦੀ ਪਹਿਚਾਨ ਲਈ ਸਵਰਾਂ ਦੇ ਥੱਲੇ ਇੱਕ ਛੋਟੀ-ਛੋਟੀ ਰੇਖਾ ਲਗਾਈ ਜਾਂਦੀ ਹੈ ਜਿਹੜੀ ਕੋਮਲ ਸਵਰਾਂ

ਨੂੰ ਸੂਚਿਤ ਕਹਦੀ ਹੈ ਜਿਵੇਂ - ਰੇ ਗੁ ਧੁ ਨੀ।

**ਤੀਵਰ ਸਵਰ** : ਜਦੋਂ ਸ਼ੁਧ ਮ ਦੀ ਆਵਾਜ਼ ਨੂੰ ਉਸਦੇ ਨੀਯਤ ਸਥਾਨ ਤੇ ਥੋੜ੍ਹਾ ਉੱਚਾ ਕੀਤਾ ਜਾਵੇ ਉਸਨੂੰ ਤੀਵਰ ਸਵਰ ਕਹਿੰਦੇ ਹਨ। ਸਵਰ ਲਿੱਪੀ ਵਿੱਚ ਇਹਨਾਂ ਦੀ ਪਹਿਚਾਨ ਲਈ ਸਵਰ ਦੇ ਉੱਪਰ ਇੱਕ ਖੜੀ ਰੇਖਾ ਲਗਾਈ ਜਾਂਦੀ ਹੈ ਜਿਵੇਂ ਮ।

ਇਸ ਤਰ੍ਹਾਂ ਸ਼ੁੱਧ ਸਵਰ, ਕੋਮਲ ਸਵਰ ਅਤੇ ਤੀਵਰ ਸਵਰ ਮਿਲ ਕੇ ਕੁਲ 12 ਸਵਰ ਬਣਦੇ ਹਨ ਜਿਵੇਂ

ਸ, ਰੇ, ਰੇ, ਗੁ, ਗ, ਮ, ਮ, ਪ, ਧੁ, ਧ, ਨੀ, ਨੀ

******

## ਪਾਠ-2

# ਨਾਦ

ਸਥਿਰ ਅੰਦੋਲਨ ਸੰਖਿਆ ਵਾਲੀ ਮਧੁਰ ਧੁਨੀ, ਜਿਸ ਦਾ ਪ੍ਰਯੋਗ ਸੰਗੀਤ ਵਿੱਚ ਕੀਤਾ ਜਾਵੇ ਉਸ ਨੂੰ ਨਾਦ ਕਹਿੰਦੇ ਹਨ। ਨਾਦ ਦਾ ਅਰਥ ਹੈ ਆਵਾਜ਼

**ਨਾਦ ਦੇ ਦੋ ਰੂਪ ਮੰਨੇ ਜਾਂਦੇ ਹਨ:**

1. ਅਨਾਹਤ ਨਾਦ

2. ਆਹਤ ਨਾਦ

**ਅਨਾਹਤ ਨਾਦ :** ਜਿਹੜੀ ਆਵਾਜ਼ ਬਿਨਾਂ ਕਿਸੇ ਅਘਾਤ ਜਾਂ ਚੋਟ ਤੋਂ ਪੈਦਾ ਹੋਵੇ ਉਸ ਨੂੰ ਅਨਾਹਤ ਨਾਦ ਕਹਿੰਦੇ ਹਨ। ਜਿਵੇਂ- ਜੇਕਰ ਅਸੀਂ ਆਪਣੀਆਂ ਉਂਗਲਿਆਂ ਨੂੰ ਕੰਨਾਂ ਵਿੱਚ ਪਾਈਏ ਅਤੇ ਜਿਹੜੀ ਸਾਂ-ਸਾਂ ਜਾਂ ਸਨਸਨਾਹਟ ਸੁਣਾਈ ਦਿੰਦੀ ਹੈ ਉਸ ਨੂੰ ਅਨਾਹਤ ਨਾਦ ਕਹਿੰਦੇ ਹਨ।

ਇਹ ਧੁਨੀ ਸੰਗੀਤ ਉਪਯੋਗੀ ਨਹੀਂ ਹੈ ਇਹ ਸਿਰਫ਼ ਯੋਗ ਸਾਧਨਾਂ ਦੇ ਲਈ ਹੀ ਹੈ।

**ਆਹਤ ਨਾਦ :** ਆਹਤ ਸ਼ਬਦ ਦਾ ਅਰਥ ਹੈ ਚੋਟ। ਜਿਹੜੀ ਅਵਾਜ਼ ਕਿਸੀ ਸੱਟ (ਚੋਟ,) ਰਗੜ, ਸਪਰਸ਼ ਆਦਿ ਤੋਂ ਪੈਦਾ ਹੋਵੇ, ਉਸ ਨੂੰ ਆਹਤ ਨਾਦ ਕਹਿੰਦੇ ਹਨ। ਇਸ ਨੂੰ ਸੰਗੀਤ ਉਪਯੋਗੀ ਧੁਨੀ ਕਿਹਾ ਜਾ ਸਕਦਾ ਹੈ।

**ਇਸ ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਜਾ ਸਕਦਾ ਹੈ :**

1. ਜਦੋਂ ਕਿਸੀ ਵਸਤੂ ਨੂੰ ਕਿਸੀ ਦੂਜੀ ਵਸਤੂ ਨਾਲ ਆਧਾਤ ਜਾਂ ਚੋਟ ਕੀਤੀ ਜਾਵੇ ਜਿਵੇਂ ਤਬਲਾ, ਢੋਲਕ, ਨਗਾੜਾ ਆਦਿ ਹੱਥ ਆਦਿ ਦੀ ਚੋਟ ਤੋਂ ਜਿਹੜੀ ਆਵਾਜ ਪੈਦਾ ਹੋਵੇ ਉਸ ਨੂੰ ਆਹਤ ਨਾਦ ਕਹਿੰਦੇ ਹਨ।

2. ਜਦੋਂ ਕਿਸੀ ਸੰਘਰਸ਼ ਜਾਂ ਰਗੜ ਨਾਲ਼ ਜਿਹੜੀ ਆਵਜ਼ ਨਿਕਲੇ ਜਿਵੇਂ ਵਾਇਲਨ, ਸਾਂਰੰਗੀ ਆਦਿ ਸਾਜ ਨਾਲ਼ ਸਿਤਾਰ ਤੇ ਮਿਜਰਾਵ ਨਾਲ਼, ਉਸ ਨੂੰ ਆਹਤ ਨਾਦ ਕਹਿੰਦੇ ਹਨ।

3. ਜਦੋਂ ਕਿਸੇ ਵਸਤੂ ਵਿੱਚ ਹਵਾ ਪ੍ਰਵੇਸ਼ ਕਰਦੀ ਹੈ ਜਾਂ ਸਪਰਸ਼ ਕਰਦੀ ਹੈ। ਜਿਵੇਂ ਸ਼ਹਿਨਾਈ, ਬੀਨ, ਬੰਸਰੀ ਹਾਰਮੋਨਿਯਮ ਆਦਿ ਹਵਾ ਤੋਂ ਅਤੇ ਇਸੇ ਤਰ੍ਹਾਂ ਮਨੁੱਖ ਦੇ ਕੰਠ ਵਿੱਚ ਹਵਾ ਪ੍ਰਵੇਸ਼ ਕਰਕੇ ਗਲ਼ੇ ਦੀਆਂ ਮਾਸਪੇਸ਼ੀਆਂ ਨਾਲ਼ ਕੰਪਿਤ ਹੁੰਦੀ ਹੈ ਉਹ ਆਵਾਜ਼ ਆਹਤ ਨਾਦ ਕਹਲਾਉਂਦੀ ਹੈ।

******

# ਪਾਠ-3
# ਭਾਸ਼ਾਵਾਂ
# ਵਾਦੀ ਸਵਰ

ਰਾਗ ਵਿੱਚ ਪ੍ਰਯੋਗ ਹੋਣ ਵਾਲ਼ੇ ਸਵਰਾਂ ਵਿੱਚ ਕੁਝ ਅਜਿਹੇ ਸਵਰ ਹੁੰਦੇ ਹਨ ਜਿਸ ਤੋਂ ਰਾਗ ਦਾ ਸਵਰੂਪ ਕਾਇਮ ਕਰਨ ਵਿੱਚ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਰਾਗ ਦਾ ਵਿਸਤਾਰ ਕਰਦੇ ਹੋਏ ਅਜਿਹੇ ਸਵਰ, ਜਿਨ੍ਹਾਂ ਦਾ ਪ੍ਰਯੋਗ ਵਾਰ-ਵਾਰ ਅਤੇ ਜਿਹਨਾਂ ਸਵਰਾਂ ਤੇ ਜ਼ਿਆਦਾ ਠਹਿਰਾਵ ਕੀਤਾ ਜਾਵੇ ਉਸ ਨੂੰ ਵਾਦੀ ਸਵਰ ਕਹਿੰਦੇ ਹਨ। ਵਾਦੀ ਸਵਰ ਦਾ ਸਭ ਤੋਂ ਜ਼ਿਆਦਾ ਪ੍ਰਯੋਗ ਹੋਣ ਦਾ ਕਾਰਨ ਇਸ ਨੂੰ ਜੀਵ ਸਵਰ ਅੰਸ਼ ਸਵਰ, ਪ੍ਰਧਾਨ ਸਵਰ, ਮੁੱਖਸਵਰ ਅਤੇ ਰਾਗ ਦਾ ਰਾਜਾ ਸਵਰ ਆਦਿ ਨਾਮਾਂ ਨਾਲ਼ ਸੰਬੋਧਨ ਕੀਤਾ ਜਾਂਦਾ ਹੈ ਅਤੇ ਇਸੇ ਕਰਕੇ ਰਾਗ ਦਾ ਆਰੰਭ ਅਤੇ ਸਮਾਪਤੀ ਇਸੇ ਵਾਦੀ ਸਵਰ ਤੇ ਹੁੰਦੀ ਹੈ ਜਿਵੇਂ ਰਾਗ ਭੁਪਾਲੀ ਵਿੱਚ ਵਾਦੀ ਸਵਰ ਗੰਧਾਰ ਗ ਹੈ।

## ਸਮਵਾਦੀ ਸਵਰ

ਰਾਗ ਦਾ ਦੂਜਾ ਮਹੱਤਵਪੂਰਣ ਸਵਰ ਸਮਵਾਦੀ ਕਹਿਲਾਉਂਦਾ ਹੈ। ਇਸ ਦਾ ਪ੍ਰਯੋਗ ਵਾਦੀ ਸਵਰ ਤੋਂ ਘੱਟ ਅਤੇ ਬਾਕੀ ਸਵਰਾਂ ਤੋਂ ਜ਼ਿਆਦਾ ਹੁੰਦਾ ਹੈ। ਸਮਵਾਦੀ ਸਵਰ ਦਾ ਪਰਮ ਸਹਾਇਕ ਹੋਣ ਕਾਰਨ ਇਸ ਨੂੰ 'ਮੰਤਰੀ' ਦੀ ਉਪਾਧੀ ਦਿੱਤੀ ਗਈ ਹੈ ਜਿਵੇਂ ਭੁਪਾਲੀ ਰਾਗ ਵਿੱਚ ਸਮਵਾਦੀ ਸਵਰ ਧੈਵਤ (ਧ) ਹੈ।

## ਅਨੁਵਾਦੀ ਸਵਰ

ਰਾਗ ਵਿੱਚ ਸਿਰਫ ਵਾਦੀ ਸਮਵਾਦੀ ਇਹਨਾਂ ਦੋ ਸਵਰਾਂ ਤੇ ਰਾਗ ਦਾ ਸਵਰੂਪ ਨਹੀਂ ਬਣਦਾ। ਇਸ ਲਈ ਵਾਦੀ ਅਤੇ ਸਮਵਾਦੀ ਦੇ ਨਾਲ਼-ਨਾਲ਼ ਅਨੁਵਾਦੀ ਸਵਰ ਰਾਗ ਵਿੱਚ ਹੋਣਾ ਅਤਿ ਜ਼ਰੂਰੀ ਹੈ। ਵਾਦੀ ਅਤੇ

ਸਮਵਾਦੀ ਸਵਰਾਂ ਤੋਂ ਇਲਾਵਾ ਜਿਹੜੇ ਸਵਰ ਰਾਗ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ ਉਹਨਾਂ ਨੂੰ ਸਮਵਾਦੀ ਸਵਰ ਕਹਿੰਦੇ ਹਨ ਜਿਵੇਂ ਇਕ ਰਾਜ ਵਿੱਚ ਇੱਕ ਰਾਜੇ ਅਤੇ ਮੰਤਰੀ ਤੋਂ ਇਲਾਵਾ ਪਰਜਾ ਦਾ ਹੋਣਾ ਜ਼ਰੂਰੀ ਹੈ, ਉਸੇ ਤਰ੍ਹਾਂ ਇੱਕ ਰਾਗ ਵਿੱਚ ਵਾਦੀ ਸਮਵਾਦੀ ਤੋਂ ਇਲਾਵਾ ਅਨੁਵਾਦੀ ਸਵਰਾਂ ਦਾ ਵੀ ਉੱਨਾ ਹੀ ਮਹੱਤਵ ਹੈ ਜਿਵੇਂ ਕਿ ਭੁਪਾਲੀ ਰਾਗ ਵਿੱਚ ਗ, ਧ ਤੋਂ ਇਲਾਵਾ ਬਾਕੀ ਦੇ ਸਵਰ ਅਨੁਵਾਦੀ ਕਹਿਲਾਉਂਦੇ ਹਨ।

## ਵਿਵਾਦੀ ਸਵਰ

ਵਿਵਾਦੀ ਸਵਰ ਦਾ ਆਮ ਤੌਰ ਤੇ ਰਾਗ ਵਿੱਚ ਪ੍ਰਯੋਗ ਨਹੀਂ ਕੀਤਾ ਜਾਂਦਾ। ਇਹਨਾਂ ਦੇ ਪ੍ਰਯੋਗ ਤੋਂ ਰਾਗ ਦੀ ਸ਼ੁੱਧਤਾ ਜਾਂ ਸਵਰੂਪ ਵਿਗੜਨ ਦਾ ਡਰ ਹੁੰਦਾ ਹੈ ਪਰ ਇਹ ਸਵਰ ਰਾਗ ਵਿੱਚ ਉਸਦੀ ਸੁੰਦਰਤਾ ਅਤੇ ਰੰਜਕਤਾ ਵਧਾਉਣ ਲਈ ਬਹੁਤ ਥੋੜੇ ਸਮੇਂ ਲਈ ਉੱਚਿਤ ਸਥਾਨ ਤੇ ਪ੍ਰਯੋਗ ਕੀਤੇ ਜਾਂਦੇ ਹਨ। ਇਹਨਾਂ ਦਾ ਪ੍ਰਯੋਗ ਬੜੀ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ ਨਹੀਂ ਤੇ ਰਾਗ ਦਾ ਸਵਰੂਪ ਵਿਗੜਨ ਦਾ ਡਰ ਹੁੰਦਾ ਹੈ। ਇਹਨਾਂ ਸਵਰਾਂ ਨੂੰ ਝਗੜਾਲੂ ਸਵਰਾਂ ਦੇ ਉਪਮਾ ਦਿੱਤੀ ਗਈ ਹੈ।

## ਵਰਜਿਤ ਸਵਰ

ਵਰਜਿਤ ਸਵਰ ਦਾ ਅਰਥ ਹੈ– 'ਮਨਾਹੀ' ਜਿਨ੍ਹਾਂ ਸਵਰਾਂ ਦੀ ਰਾਗ ਵਿੱਚ ਪ੍ਰਯੋਗ ਕਰਨ ਦੀ ਬਿਲਕੁਲ ਮਨਾਹੀ ਹੋਵੇ ਅਰਥਾਤ ਵਰਜਿਤ ਹੋਣ ਉਹਨਾਂ ਨੂੰ ਵਰਜਿਤ ਸਵਰ ਕਹਿੰਦੇ ਹਨ ਜਿਵੇਂ ਭੁਪਾਲੀ ਰਾਗ ਵਿੱਚ ਮ ਅਤੇ ਨੀ ਵਰਜਿਤ ਸਵਰ ਹਨ। ਵਿਵਾਦੀ ਸਵਰ ਰਾਗ ਵਿੱਚ ਕਦੇ-ਕਦੇ ਸੁੰਦਰਤਾ ਦੇ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ। ਪਰੰਤੂ ਵਰਜਿਤ ਸਵਰ ਕਦੇ ਵੀ ਪ੍ਰਯੋਗ ਨਹੀਂ ਕੀਤਾ ਜਾ ਸਕਦਾ। ਕਿਸੇ ਇੱਕ ਰਾਗ ਦਾ ਵਰਜਿਤ ਸਵਰ ਕਿਸੇ ਦੂਸਰੇ ਰਾਗ ਦਾ ਵਾਦੀ ਜਾਂ ਸਮਵਾਦੀ ਹੋ ਸਕਦਾ ਹੈ।

******

## ਪਾਠ-4

# ਰਾਗ, ਰਾਗ ਦੇ ਨਿਯਮ

ਰਾਗ ਸ਼ਬਦ ਦਾ ਜਨਮ 'ਰੰਜੂ' ਧਾਤੂ ਤੋਂ ਮੰਨਿਆਂ ਗਿਆ ਹੈ ਜਿਸ ਦਾ ਅਰਥ ਹੈ 'ਪ੍ਰਸੰਨ ਕਰਨਾ।' ਉਹ ਆਵਾਜ ਧੁਨੀ ਜਿਹੜੀ ਸਵਰਾਂ ਅਤੇ ਵਰਣਾ ਨਾਲ ਸਜੀ ਹੋਵੇ ਅਤੇ ਮਨੁੱਖ ਦੇ ਮਨ ਨੂੰ ਅਨੰਦਿਤ ਕਰੇ ਅਤੇ ਜਿਸ ਵਿੱਚ ਘੱਟ ਤੋਂ ਘੱਟ ਪੰਜ ਅਤੇ ਜਿਆਦਾ ਤੋਂ ਜਿਆਦਾ ਸਤ ਸਵਰ ਹੋਣ ਉਸ ਰਚਨਾ ਨੂੰ ਰਾਗ ਕਹਿੰਦੇ ਹਨ।

ਅਭਿਨਵ ਰਾਗ ਮੰਜਰੀ ਵਿੱਚ ਰਾਗ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ।

ਸਵਰ ਅਤੇ ਵਰਨ ਨਾਲ਼ (ਸਜੀ) ਧੁਨੀ ਜਿਹੜੀ ਮਨੁੱਖੀ ਦੇ ਮੰਨ ਦਾ ਰੰਜਨ ਕਰੇ, ਰਾਗ ਕਹਲਾਉਂਦੀ ਹੈ।

**ਰਾਗ ਦੇ ਨਿਯਮ :**

1. ਰਾਗ ਵਿੱਚ ਰੰਜਕਤਾ ਦਾ ਹੋਣਾ ਜ਼ਰੂਰੀ ਹੈ।
2. ਰਾਗ ਵਿੱਚ ਘੱਟ ਤੋਂ ਘੱਟ ਪੰਜ ਅਤੇ ਵੱਧ ਤੋਂ ਵੱਧ ਸਤ ਸਵਰ ਹੋਣੇ ਚਾਹੀਦੇ ਹਨ।
3. ਰਾਗ ਵਿੱਚ 'ਸ' ਸਵਰ ਕਦੇ ਵੀ ਵਰਜਿਤ ਨਹੀਂ ਹੁੰਦਾ ਕਿਉਂਕਿ ਇਹ ਸਪਤਕ ਦਾ ਆਧਾਰ ਸਵਰ ਹੈ।
4. ਰਾਗ ਵਿੱਚ 'ਮ' ਅਤੇ 'ਪ' ਸਵਰ ਦੋਵੇਂ ਇਕੱਠੇ ਵਰਜਿਤ ਨਹੀਂ ਹੁੰਦੇ ਜੇਕਰ ਕਿਸੇ ਰਾਗ ਵਿੱਚ 'ਪ' ਸਵਰ ਵਰਜਿਤ ਹੈ ਤਾਂ 'ਮ' ਸਵਰ ਜ਼ਰੂਰ ਹੋਵੇਗਾ।
5. ਰਾਗ ਵਿੱਚ ਆਰੋਹ, ਅਵਰੋਹ, ਥਾਟ, ਜਾਤੀ, ਵਾਦੀ, ਸਮਵਾਦੀ, ਪਕੜ ਸਮਾਂ ਆਦਿ ਦਾ ਹੋਣਾ ਜਰੂਰੀ ਹੈ।

6. ਰਾਗ ਕਿਸੀ ਥਾਟ ਤੋਂ ਉਤਪੰਨ ਹੋਣਾ ਚਾਹੀਦਾ ਹੈ।
7. ਰਾਗ ਵਿੱਚ ਸਵਰ ਦੇ ਦੋਨੋਂ ਰੂਪ (ਕੋਮਲ, ਤੀਵਰ) ਇਕੱਠੇ ਨਹੀਂ ਪ੍ਰਯੋਗ ਕਰਨੇ ਚਾਹੀਦੇ।
8. ਰਾਗ ਵਿੱਚ ਸਵਰ ਕ੍ਰਮ ਅਨੁਸਾਰ ਨਹੀਂ ਹੁੰਦੇ।

******

## ਪਾਠ-5

# ਪਕੜ

ਉਹ ਸਵਰ–ਸਮੂਹ ਜਿਸ ਤੋਂ ਕਿਸੇ ਰਾਗ ਦੀ ਪਹਿਚਾਣ ਹੋਵੇ, ਬੋਧ ਹੋਵੇ ਉਸ ਨੂੰ ਪਕੜ ਕਹਿੰਦੇ ਹਨ, ਜਿਵੇਂ ਭੁਪਾਲੀ ਰਾਗ ਦੀ ਪਕੜ ਹੈ, ਪ, ਗ, ਰੇ, ਗ, ਸ, ਰੇ, ਧ, ਸ। ਪਕੜ ਰਾਗ ਦੇ ਆਰੋਹ ਅਵਰੋਹ ਦੇ ਬਾਅਦ ਗਾਈ ਜਾਂ ਵਜਾਈ ਜਾਂਦੀ ਹੈ। ਹਰੇਕ ਰਾਗ ਦੀ ਪਕੜ ਅਲਗ–ਅਲਗ ਹੁੰਦੀ ਹੈ। ਗਾਉਣ–ਵਜਾਉਣ ਸਮੇਂ ਰਾਗ ਦੀ ਪਕੜ ਰਾਗ ਵਿੱਚ ਵਾਰ–ਵਾਰ ਪ੍ਰਯੋਗ ਕਰਦੇ ਹਨ, ਪਕੜ ਨੂੰ ਰਾਗ ਦਾ ਮੁੱਖ ਅੰਗ ਵੀ ਕਹਿੰਦੇ ਹਨ।

**ਜਿਵੇਂ ਰਾਗ ਭੁਪਾਲੀ ਦੀ ਪਕੜ ਹੈ:**

ਸ ਰੇ ਸ, ਸ ਧ, ਸ ਰੇ ਗ, ਪ ਗ, ਧ ਪ ਗ ਰੇ ਸ

ਇਸ ਤਰ੍ਹਾਂ ਵਿਦਿਆਰਥੀ ਇਸ ਸੂਰ ਸੰਗਤੀ ਤੋਂ ਝੱਟ ਪਹਿਚਾਣ ਲੈਣਗੇ ਕਿ ਇਹ ਭੁਪਾਲੀ ਰਾਗ ਹੈ।

******

# ਪਾਠ-6
# ਸ਼ਰੂਤੀ

ਉਹ ਸੂਖਮ ਆਵਾਜ ਜਿਸ ਨੂੰ ਅਸੀਂ ਸਪਸ਼ਟ ਰੂਪ ਤੋਂ ਸੁਣ ਕੇ ਸਮਝ ਸਕੀਏ ਅਤੇ ਅਲਗ ਤੋਂ ਪਹਿਚਾਨ ਸਕੀਏ ਉਸ ਨੂੰ ਸ਼ਰੂਤੀ ਕਹਿੰਦੇ ਹਨ।

ਸ਼ਾਸਤਰਕਾਰਾਂ ਨੇ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ।

**'ਸ਼ਰੂ ਅਤੇ ਇਤੀ ਸ਼ਰੂਤੀ'**

ਅਰਥਾਤ ਜਿਸ ਨੂੰ ਅਸੀਂ ਸੁਣ ਸਕੀਏ ਅਤੇ ਸਮਝ ਲਈਏ ਉਸ ਨੂੰ ਸ਼ਰੂਤੀ ਕਹਿੰਦੇ ਹਨ। 'ਅਭਿਨਵ ਰਾਗ ਮੰਜਰੀ' ਵਿੱਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ, "ਉਹ ਆਵਾਜ਼ ਜਿਹੜੀ ਗੀਤ ਵਿੱਚ ਪ੍ਰਯੋਗ ਕੀਤੀ ਜਾ ਸਕੇ ਅਤੇ ਇਕ ਦੂਜੇ ਤੋਂ ਅਲਗ ਪਹਿਚਾਨੀ ਜਾ ਸਕੇ ਉਸ ਨੂੰ ਸ਼ਰੂਤੀ ਕਹਿੰਦੇ ਹਨ।" ਜਾਂ ਅਸੀ ਇਹ ਕਹਿੰਦੇ ਹਾਂ ਕਿ ਸ਼ਰੂਤੀ ਉਹ ਧੁਨੀ ਹੈ ਜਿਹੜੀ ਸੰਗੀਤ ਲਈ ਉਪਯੋਗੀ ਹੋਵੇ, ਕੰਨਾ ਨੂੰ ਸਾਫ਼-ਸਾਫ਼ ਸੁਣਾਈ ਦੇਵੇ, ਇੱਕ ਦੂਜੇ ਤੋਂ ਅਲੱਗ ਪਛਾਣੀ ਜਾ ਸਕੇ, ਸੁਨਣ ਵਿੱਚ ਮਧੁਰ ਹੋਵੇ। ਬਾਣੀ ਸ਼ਰੂਤੀਆਂ ਦੇ ਨਾਂ ਹੇਠ ਲਿਖੇ ਹਨ —

| | | | |
|---|---|---|---|
| 1. ਤੀਵਰਾ | 2. ਕੁਮੁਦਤੀ | 3. ਮੰਦਾ | 4. ਛੰਦੋਵਤੀ |
| 5. ਦਯਾਵਤੀ | 6. ਰੰਜਨੀ | 7. ਰਕਤਿਕਾ | 8. ਰੌਦੀ |
| 9. ਕ੍ਰੋਧੀ | 10. ਵਜਰਿਕਾ | 11. ਪ੍ਰਮਾਰਿਣੀ | 12. ਪ੍ਰੀਤੀ |
| 13. ਮਾਰਜਿਨੀ | 14. ਕਸ਼ਿਤੀ | 15. ਰਕਤਾ | 16. ਸੰਦੀਪਨੀ |
| 17. ਅਲਾਪਨੀ | 18. ਮੰਦਤੀ | 19. ਰੋਹਿਣੀ | 20. ਰਮਯਾ |
| 21. ਉਗਰਾ | 22. ਕਸ਼ੋਭਣੀ | | |

ਇਹਨਾਂ 22 ਸ਼ਰੂਤੀਆਂ ਦਾ ਗਾਉਣ ਵਜਾਉਣ ਵਿੱਚ ਪ੍ਰਯੋਗ ਕਰਨਾ ਕਠਿਨ ਹੈ। ਇਸ ਲਈ ਇਹਨਾਂ 22 ਸ਼ਰੂਤੀਆਂ ਵਿੱਚੋਂ ਸਤ ਨੂੰ ਚੁਣਿਆ ਗਿਆ ਹੈ ਇਹਨਾਂ ਦਾ ਨਾ ਸੁਰ ਰੱਖਿਆ ਗਿਆ ਹੈ। ਭਾਰਤੀ ਸੰਗੀਤ ਇਹਨਾਂ ਸਤ ਸੁਰਾਂ 'ਤੇ ਹੀ ਅਧਾਰਿਤ ਹੈ।

******

# ਪੰ. ਵਿਸ਼ਣੂ ਨਰਾਇਣ ਭਾਤਖੰਡੇ



**ਚਿੱਤਰ ਨੰ. -1**

## ਪਾਠ-7

# ਪੰ. ਵਿਸ਼ਣੂ ਨਰਾਇਣ ਭਾਤਖੰਡੇ

ਸ਼੍ਰੀ ਵਿਸ਼ਣੂ ਨਰਾਇਣ ਭਾਤਖੰਡੇ ਨੇ ਸੰਗੀਤ ਕਲਾ ਦੀ ਉੱਨਤੀ ਵਾਸਤੇ ਇਕ ਸਤੰਭ ਦੀ ਭੂਮਿਕਾ ਨਿਭਾਈ। ਉਹਨਾਂ ਨੇ ਆਪਣਾ ਸਾਰਾ ਜੀਵਨ ਸੰਗੀਤ ਕਲਾ ਦੀ ਨਿਸ਼ਕਾਮ ਸੇਵਾ ਕਰਦੇ ਹੋਏ ਹਮੇਸ਼ਾ ਦੇ ਲਈ ਸੰਗੀਤ ਪ੍ਰੇਮਿਆਂ ਦੇ ਦਿਲਾਂ ਵਿੱਚ ਆਪਣਾ ਨਾਂ ਅੰਕਿਤ ਕਰ ਦਿੱਤਾ। ਸੰਗੀਤ ਜਗਤ ਉਹਨਾਂ ਦੇ ਬਹੁਮੁੱਲ ਕੰਮਾ ਦੇ ਲਈ ਸਦਾ ਦੇ ਲਈ ਰਿਣੀ ਰਹੇਗਾ।

ਸ਼੍ਰੀ ਵਿਸ਼ਣੂ ਨਰਾਇਣ ਭਾਤਖੰਡੇ ਜੀ ਦਾ ਜਨਮ 10 ਅਗਸਤ, ਸੰਨ 1860 ਇ. ਨੂੰ ਮੁੰਬਈ ਪ੍ਰਾਂਤ ਦੇ ਬਾਲਕੇਸ਼ਵਰ ਨਾਮਕ ਸਥਾਨ ਵਿੱਚ ਕ੍ਰਿਸ਼ਣ ਜਨਮ ਅਸ਼ਟਮੀ ਵਾਲੇ ਦਿਨ ਹੋਇਆ ਸੀ। ਉਹਨਾਂ ਨੇ ਆਪਣੇ ਪਿਤਾ ਤੋਂ ਜਿਨ੍ਹਾਂ ਨੂੰ ਸੰਗੀਤ ਨਾਲ ਖਾਸ ਪ੍ਰੇਮ ਸੀ, ਸੰਗੀਤ ਸਿਖਣ ਦੀ ਪ੍ਰੇਰਣਾ ਮਿਲੀ। ਆਪ ਸਕੂਲੀ ਸਿੱਖਿਆ ਦੇ ਨਾਲ ਨਾਲ ਸੰਗੀਤ ਸਿੱਖਿਆ ਵੀ ਗ੍ਰਹਿਣ ਕਰਦੇ ਰਹੇ। ਸਿਤਾਰ, ਗਾਇਨ ਅਤੇ ਬੰਸਰੀ ਦੀ ਸਿੱਖਿਆ ਲਈ ਤਿੰਨਾ ਤੇ ਚੰਗਾ ਅਭਿਆਸ ਕੀਤਾ। ਸੇਨ ਬੱਲਭਦਾਸ ਤੋਂ ਸਿਤਾਰ, ਗੁਰੂ ਰਾਵ ਬੂਆ ਬੇਲਬਾਥਕਰ, ਜੈਪੁਰ ਤੋਂ ਮੁਹੰਮਦ ਅਲੀ ਖਾਂ, ਗਵਾਲਿਆ ਦੇ ਪੰ. ਏਕਨਾਥ ਆਦਿ ਗੁਰਜਨਾਂ ਤੋਂ ਗਾਇਨ ਦੀ ਸਿੱਖਿਆ ਲਈ। ਸੰਨ 1883 ਵਿੱਚ ਬੀ.ਏ. ਸੰਨ 1890 ਵਿੱਚ ਐਲ.ਐਲ.ਬੀ. ਦੀ ਪ੍ਰੀਖਿਆ ਪਾਸ ਕੀਤੀ। ਕੁਝ ਸਮੇਂ ਤੱਕ ਆਪ ਨੇ ਵਕਾਲਤ ਕੀਤੀ ਪਰ ਇਸ ਸੰਗੀਤ ਦੇ ਮਹਾਨ ਪ੍ਰੇਮ ਦਾ ਮਨ ਵਕਾਲਤ ਵਿੱਚ ਨਹੀਂ ਲਗਿਆ।

ਸੰਨ 1904 ਵਿੱਚ ਭਾਤਖੰਡੇ ਜੀ ਨੇ ਪਹਿਲੀ ਸੰਗੀਤ ਯਾਤਰਾ ਕੀਤੀ। ਉਹਨਾਂ ਨੇ ਸਭ ਤੋਂ ਪਹਿਲਾਂ ਦੱਖਣ ਦੀ ਯਾਤਰਾ ਕੀਤੀ। ਉੱਥੇ ਉਹਨਾਂ ਨੇ ਬੜੇ-ਬੜੇ ਸੰਗੀਤਕਾਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਦੁਰਲਭ ਪ੍ਰਾਚੀਨ ਗ੍ਰੰਥਾ ਦੇ ਅਧਿਐਨ ਕੀਤਾ। ਇਸ ਤੋਂ ਬਾਅਦ ਉੱਤਰ ਭਾਰਤ ਦਾ ਦੌਰਾ ਕੀਤਾ ਅਤੇ ਉੱਥੇ ਗਿਆਨ ਗੋਸ਼ਠੀਆਂ ਕੀਤੀਆਂ ਅਤੇ ਪ੍ਰਾਚੀਨ ਗ੍ਰੰਥਾਂ ਦਾ ਅਧਿਅਨ ਕੀਤਾ। ਭਿੰਨ-ਭਿੰਨ ਰਾਗਾਂ ਦੇ ਬਹੁਤ ਸਾਰੇ ਗੀਤ ਇਕੱਠੇ ਕੀਤੇ ਅਤੇ ਉਹਨਾਂ ਦੀਆਂ ਸਵਰ ਲਿੱਪਿਆਂ ਭਾਤਖੰਡੇ

ਕ੍ਰਮਿਕ ਪੁਸਤਕ 6 ਭਾਗਾਂ ਵਿੱਚ ਸੰਗ੍ਰਿਹਿਤ ਕਰਕੇ ਸੰਗੀਤ ਦੇ ਲਈ ਅਥਾਹ ਭੰਡਾਰ ਇਕੱਠਾ ਕੀਤਾ।

ਕ੍ਰਿਆਤਮਕ ਸੰਗੀਤ ਨੂੰ ਲਿੱਪਿਬੱਧ ਕਰਨ ਲਈ ਭਾਤਖੰਡੇ ਜੀ ਨੇ ਸਰਲ ਅਤੇ ਨਵੀਨ ਸਵਰਲਿੱਪੀ ਦੀ ਪੱਦਤੀ ਦੀ ਰਚਨਾ ਕੀਤੀ ਜਿਹੜੀ ਭਾਤਖੰਡੇ ਸਵਰਲਿੱਪੀ ਪੱਦਤੀ ਦੇ ਨਾਂ ਨਾਲ਼ ਪ੍ਰਸਿੱਧ ਹੈ। ਰਾਗ ਵਰਗੀਕਰਣ ਇਕ ਨਵੀਨ ਪ੍ਰਕਾਰ ਥਾਟ-ਰਾਗ ਵਰਗੀਕਰਣ ਨੂੰ ਪ੍ਰਚਾਰਿਤ ਕਰਨ ਦਾ ਸੇਹਰਾ ਭਾਤਖੰਡੇ ਜੀ ਨੂੰ ਹੀ ਹੈ। ਉਹਨਾਂ ਨੇ ਵਿਗਿਆਨਿਕ ਢੰਗ ਨਾਲ਼ ਸਾਰੇ ਰਾਗਾਂ ਨੂੰ 10 ਥਾਟਾਂ ਵਿੱਚ ਵਿਭਾਜਿਤ ਕੀਤਾ।

ਜਿਸ ਸਮੇਂ ਭਾਰਤ ਵਿੱਚ ਰੇਡੀਔ ਦਾ ਪ੍ਰਚਾਰ ਨਹੀਂ ਸੀ ਉਸ ਵਕਤ ਭਾਤਖੰਡੇ ਜੀ ਨੇ 1916 ਵਿੱਚ ਬੜੋਦਾ ਨਰੇਸ਼ ਦੀਮਦਦ ਨਾਲ ਇਕ ਵਿਸ਼ਾਲ ਸੰਗੀਤ ਸੰਮੇਲਨ ਕਰਵਾਇਆ। ਇਹਨਾਂ ਨੇ ਕਈ ਸੰਗੀਤ ਵਿਦਿਆਲਿਆਂ ਦੀ ਸਥਾਪਨਾ ਕੀਤੀ। ਉਹਨਾਂ ਵਿੱਚੋਂ ਕੁਝ ਮੁੱਖ ਹਨ ਜਿਵੇਂ ਮੈਰਿਸ ਮਿਊਜਿਕ ਕਾਲਜ, ਲਖਨਊ, ਮਾਧਵ ਸੰਗੀਤ ਵਿਦਿਆਲਾ ਗਵਾਲਿਅਰ, ਮਿਉਜਿਕ ਕਾਲਜ, ਬੜੋਦਾ।

ਉਹਨਾਂ ਨੇ ਕਈ ਪੁਸਤਕਾਂ ਦੀ ਰਚਨਾ ਵੀ ਕੀਤੀ ਜਿਵੇਂ ਹਿੰਦੁਸਤਾਨੀ ਸੰਗੀਤ ਪੱਦਤੀ (ਕ੍ਰਮਿਕ ਪੁਸਤਕ ਮਾਲਿਕਾ 6 ਭਾਗਾਂ ਵਿੱਚ) ਭਾਤਖੰਡੇ ਸੰਗੀਤ ਸ਼ਾਸਤਰ 4 ਭਾਗਾਂ ਵਿੱਚ, ਅਭਿਨਵ ਰਾਗ ਮੰਜਰੀ, ਲਕਸ਼ਿਅ ਸੰਗੀਤ, ਸਵਰ ਮਾਲਿਕਾ ਆਦਿ।

ਇਸ ਤੋਂ ਇਲਾਵ ਪੰਡਿਤ ਜੀ ਨੇ ਅਨੇਕ ਖਿਆਲ ਗੀਤਾਂ ਦੀ ਰਚਨਾ 'ਹਰਰੰਗ' ਉਪਨਾਮ ਤੋਂ 250 ਦੇ ਲਗਭਗ ਲਕਸ਼ਣ ਗੀਤਾਂ ਦੀ ਰਚਨਾ 'ਚਤੁਰ' ਉਪਨਾਮ ਤੋਂ ਕੀਤੀ।

ਸ਼੍ਰੀ ਵਿਸ਼ਣੂ ਨਰਾਇਣ ਭਾਤਖੰਡੇ ਜੀ ਦਾ ਦੇਹਾਂਤ 19 ਸਤੰਬਰ ਸੰਨ 1938 ਈ. ਵਿੱਚ ਹੋਇਆ।

ਸੰਗੀਤ ਸ਼ਾਸਤਰ, ਕ੍ਰਿਆਤਮਕ ਸੰਗੀਤ, ਖੋਜ ਪ੍ਰਚਾਰ ਅਤੇ ਸੰਗੀਤ ਸਿੱਖਿਆ ਹਰੇਕ ਖੇਤਰ ਵਿੱਚ ਭਾਤਖੰਡੇ ਜੀ ਨੇ ਸ਼ਲਾਘਾਯੋਗ ਕੰਮ ਕੀਤਾ।

ਇਸ ਮਹਾਨ ਸੰਗੀਤਕਾਰ ਨੇ ਆਪਣਾ ਸਾਰਾ ਜੀਵਨ ਸੰਗੀਤ ਦੇ ਲਈ ਜਿਨ੍ਹਾਂ ਕੰਮ ਕੀਤਾ ਉਸ ਦੀ ਕੋਈ ਹੋਰ ਉਦਾਹਰਣ ਮਿਲਣੀ ਬਹੁਤ ਕਠਿਨ ਹੈ।

******

## ਪਾਠ-8

# ਹਰਮੋਨੀਅਮ



ਹਰਮੋਨੀਅਮ ਸ਼ਬਦ ਦੀ ਉਤਪਤੀ ਗ੍ਰੀਕ ਸ਼ਬਦ ਹਰਮਨੀ ਨਾਲ਼ ਹੋਈ ਹੈ, ਜਿਸ ਦਾ ਅਰਥ ਹੈ ਸੁਰ ਸਾਮਵਾਦੀ ਇਸ ਸਾਜ ਦੀ ਖੋਜ Alexender Darbin ਨੇ ਸੰਨ 1840 ਵਿੱਚ ਪਿਆਨੋ ਦੇ ਆਧਾਰ ਤੇ ਪੈਰਿਸ (ਫਰਾਂਸ) ਵਿੱਚ ਕੀਤੀ, ਹਰਮੋਨੀਅਮ ਵਿਦੇਸ਼ੀ ਸ਼ਾਜ ਹੁੰਦੇ ਹੋਏ ਵੀ ਅੱਜ ਕੱਲ੍ਹ ਭਾਰਤ ਵਿੱਚ ਇਸ ਦਾ ਪ੍ਰਚਲਨ ਐਨਾ ਜ਼ਿਆਦਾ ਹੋ ਗਿਆ ਹੈ ਕਿ ਇਸ ਨੂੰ ਭਾਰਤੀ ਸਾਜ ਦੇ ਅਧੀਨ ਅਪਣਾ ਲਿਆ ਗਿਆ ਹੈ। ਹਰਮੋਨੀਅਮ ਇੱਕ ਹਰਮਨ ਪਿਆਰਾ ਸਾਜ ਹੈ। ਹਲਕੇ ਫੁਲਕੇ ਸੰਗੀਤ ਦੇ ਲਈ ਇਹ ਬਹੁਤ ਹੀ ਲਾਭਦਾਇਕ ਹੈ। ਸ਼ਾਸਤਰੀ ਸੰਗੀਤ ਵਿੱਚ ਇਸ ਦਾ ਪ੍ਰਯੋਗ ਸੁਰ ਭਰਨ ਲਈ ਕੀਤਾ ਜਾਂਦਾ ਹੈ। ਸੋ ਹਰਮੋਨੀਅਮ ਨੂੰ ਜਨ ਸਧਾਰਨ ਦਾ ਸਾਜ ਕਹਿਣਾ ਉੱਚਿਤ ਹੋਵੇਗਾ। ਅੰਤ ਵਿੱਚ ਅਸੀਂ ਇਹ ਕਹਾਂਗੇ ਹਰਮੋਨੀਅਮ ਮੂਲ ਰੂਪ ਵਿੱਚ ਯੂਰਪੀਅਨ ਸਾਜ ਹੋਣ ਕਰਕੇ ਵੀ ਭਾਰਤੀ ਸਾਜਾਂ ਵਿੱਚ ਪੂਰਨ ਤੋਰ ਤੇ ਘੁਲਮਿੱਲ ਗਿਆ ਹੈ।

# ਅੰਗ ਵਰਣਨ

(1) **ਪਰਦਾ** : ਇਸ ਨੂੰ ਚਾਬੀ ਵੀ ਕਹਿੰਦੇ ਹਨ। ਪਰਦਿਆਂ ਨੂੰ ਦਬਾਉਣ ਨਾਲ ਸੁਰ ਉਤਪੰਨ ਹੁੰਦੇ ਹਨ।

(2) **ਧੋਕਣੀ** : ਇਸ ਨੂੰ ਚਲਾਉਣ ਨਾਲ਼ ਹਰਮੋਨੀਅਮ ਵਿੱਚ ਹਵਾ ਭਰਦੀ ਹੈ ਇਹ ਹਰਮੋਨੀਅਮ ਦੇ ਪਿਛਲੇ ਭਾਗ ਤੇ ਲਗਾਈ ਜਾਂਦੀ ਹੈ। ਇਸ ਨੂੰ ਖੱਬੇ ਹੱਥ ਨਾਲ ਚਲਾਉਂਦੇ ਹਨ।

(3) **ਰੀਡ** : ਹਰਮੋਨੀਅਮ ਦੇ ਅੰਦਰ ਲੱਗੀਆਂ ਹੋਈਆਂ ਪਿੱਤਲ ਦੀਆਂ ਛੋਟੀਆਂ-ਛੋਟੀਆਂ ਰੀਡ ਕਹਾਉਂਦੀਆਂ ਹਨ ਪਰਦਾ ਦਬਾਉਣ ਨਾਲ ਰੀਡ ਨੂੰ ਛੂਹ ਕੇ ਹਵਾ ਬਾਹਰ ਨਿਕਲਦੀ ਹੈ ਅਤੇ ਸੁਰ ਪੈਦਾ ਹੁੰਦੇ ਹਨ।

(4) **ਰੀਡ ਬੋਰਡ** : ਇਹ ਲੱਕੜ ਦੀ ਇੱਕ ਲੰਮੀ ਫੱਟੀ ਹੁੰਦੀ ਹੈ। ਇਸ ਤੇ ਰੀਡ ਲਗਾਏ ਜਾਂਦੇ ਹਨ।

(5) **ਸਟਾਪਰ** : ਹਰਮੋਨੀਅਮ ਦੇ ਅੱਗੇ ਲੱਗੀਆ ਹੋਈਆਂ ਖੁੰਟੀਆਂ ਨੂੰ ਸਟਾਪਰ ਕਹਿੰਦੇ ਹਨ। ਸਟਾਪਰ ਨੂੰ ਬਾਹਰ ਖਿੱਚ ਕੇ ਖੋਲ੍ਹਣ ਤੋਂ ਹਰਮੋਨੀਅਮ ਵਿੱਚੋਂ ਆਵਾਜ਼ ਨਿਕਲਦੀ ਹੈ।

(6) **ਕਮਾਣੀ** : ਪਰਦੇ ਦੇ ਪਿਛਲੇ ਪਾਸੇ ਕਮਾਣੀਆਂ ਲੱਗੀਆਂ ਹੋਈਆਂ ਹਨ। ਇਹ ਪਰਦੇ ਨੂੰ ਦਬਾ ਕੇ ਰੱਖਦੀਆਂ ਹਨ। ਪਰਦਾ ਉਂਗਲੀ ਨਾਲ਼ ਦਬਾਉਣ ਤੇ ਰੀਡ ਦਾ ਛੇਕ ਖੁੱਲ ਜਾਂਦਾ ਹੈ ਅਤੇ ਸੁਰ ਨਿਕਲਦਾ ਹੈ। ਉਂਗਲੀ ਉਠਾ ਲੈਣ ਤੇ ਕਮਾਣੀ ਸਪਰਿੰਗ ਦਾ ਕੰਮ ਕਰਦੀ ਹੈ। ਪਰਦਾ ਆਪਣੀ ਜਗ੍ਹਾਂ ਵਾਪਸ ਆ ਜਾਂਦਾ ਹੈ ਅਤੇ ਰੀਡ ਦਾ ਛੇਦ ਦੁਆਰਾ ਬੰਦ ਹੋ ਜਾਂਦਾ ਹੈ।

(7) **ਕਿਸ਼ਤੀ** : ਰੀਡ ਬੋਰਡ ਦੇ ਹੇਠਾਂ ਇੱਕ ਤਖਤੀ ਹੁੰਦੀ ਹੈ। ਇਸ ਤਖਤੀ ਵਿੱਚ ਸਟਾਪਰ ਲੱਗੇ ਰਹਿੰਦੇ ਹਨ। ਸਟਾਪਰ ਬਾਹਰ ਖਿੱਚਣ ਤੋਂ ਧੌਂਕਣੀ ਦੀ ਹਵਾ ਕਿਸ਼ਤੀ ਵਿੱਚ ਆਉਣ ਲੱਗਦੀ ਹੈ। ਸਟਾਪਰ ਬੰਦ ਕਰ ਦੇਣ ’ਤੇ ਇਹ ਹਵਾ ਕਿਸ਼ਤੀ ਵਿੱਚੋਂ ਨਿਕਲਣੀ ਬੰਦ ਹੋ ਜਾਂਦੀ ਹੈ।

******

## ਪਾਠ-9

# ਰਾਗ ਭੂਪਾਲੀ

ਥਾਟ–ਕਲਿਆਣ

ਵਾਦੀ– ਗ (ਗੰਧਾਰ)

ਸਮਵਾਦੀ– ਧ (ਧੈਵਤ)

ਵਰਜਿਤ – ਮ ਨੀ (ਮਧਯਮ ਨਿਸ਼ਾਦ)

ਜਾਤੀ– ਔੜਵ, ਔੜਵ

ਗਾਣ ਵਜਾਉਣ ਦਾ ਸਮਾਂ– ਰਾਗ ਦਾ ਪਹਿਲਾ ਪਹਿਰ

**ਸਧਾਰਨ ਪਰਿਚੈ —** ਰਾਗ ਭੁਪਾਲੀ ਕਲਿਆਣ ਥਾਟ ਦਾ ਰਾਗ ਹੈ। ਇਸ ਵਿੱਚ ਸਾਰੇ ਸੁਰ ਸ਼ੁੱਧ ਲਗਦੇ ਹਨ। ਇਸ ਰਾਗ ਵਿੱਚ ਮ, ਨੀ ਸੁਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਔੜਵ–ਔੜਵ ਹੈ। ਇਸ ਰਾਗ ਦਾ ਗਾਣ ਵਜਾਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਇਹ ਪੁਰਵਾਂਗਵਾਦੀ ਰਾਗ ਹੈ। ਇਹ ਸਧਾਰਨ ਪ੍ਰਕਿਰਤੀ ਦਾ ਰਾਗ ਹੈ। ਇਸ ਰਾਗ ਵਿੱਚ ਗ, ਧ ਦੀ ਸੰਗਤ ਤੇ ਜ਼ੋਰ ਦਿੰਦੇ ਹਨ।

**ਅਰੋਹ** : ਸਾ ਰੇ ਗ ਪ ਧ ਸਾਂ।

**ਅਵਰੋਹ** : ਸਾਂ ਧ ਪ ਗ ਰੇ ਸਾ।

**ਪਰੜ** : ਗ ਰੇ ਸਾ. ਧ, ਸਾ ਰੇ ਗ ਪ, ਗ ਧ, ਪ ਗ ਰੇ ਸਾਂ।

**ਅਲਾਪ** : (1) ਸਾਰੇ-- ਸਾ ਧਾ-- ਪ ਧ-- ਸਾ ਰੇ ਗਾ-- ਰੇ ਸ।

(2) ਗ ਰੇ ਗ ਪ ਧ -- ਪ-- ਗ ਧ ਪ -- ਗ ਰੇ ਸਾ।

## ਭਜਨ (ਗੀਤ)

**ਸਥਾਈ :** ਗੁਰੂ ਤੋਰੇ ਚਰਨ ਕਮਲ ਪਰ ਵਾਰੀ
ਬਾਰ ਬਾਰ ਜਾਉ ਬਲਿਹਾਰੀ

**ਅੰਤਰ :** ਬ੍ਹਮ ਵਿਸ਼ਨੂੰ ਮਹੇਸ਼ ਪੂਜਾ
ਇਸ਼ਵਰ ਸੇ ਵੀ ਬੜ ਮਹਿਮਾ ਨਿਆਰੀ।

## ਰਾਗ ਭੂਪਾਲੀ ਛੋਟਾ ਖਿਆਲ ਮੱਧ ਲੈਅ

**ਸਥਾਈ** **ਤਿੰਨ ਤਾਲ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਧ | ਸਾਂ | ਧ | ਪ | ਗ | ਰੇ | ਸਾ | ਰੇ | ਧ | ਧ | ਸਾ | ਰੇ | ਗ | ਰੇ | ਗ | — |
| ਗੁ | ਰੂ | ਤੋ | ਰੇ | ਚ | ਰ | ਨ | ਕ | ਮ | ਲ | ਪ | ਰੇ | ਵ | ऽ | ਰੀ | ऽ |
| ਗ | ਰੇ | ਸਾ | ਧਾ | ਸਾ | ਰੇ | ਗ | ਪ | ਧ | ਸਾਂ | ਧ | ਪ | ਗ਼ | ਰੇ | ਸ | — |
| ਬਾ | ऽ | ਰ | ਬ | ऽ | ਰ | ਜਾ | ऽ | ਉ | ऽ | ਬ | ਲਿ | ਗ | ऽ | ਰੀ | ऽ |
| **ਅੰਤਰਾ** | | | | | | | | | | | | | | | |
| ਗ | ਪ | ਧ | ਪ | ਧ | ਧ | ਸਾਂ | ਸਾਂ | ਧ | ਧ | ਸਾਂ | ਸਾਂ | ਰੇ | ਰੇ | ਸਾਂ | — |
| ਬ੍ | ऽ | ਹਮਾ | ऽ | ਵਿ | ऽ | ਸ਼ਨੂੰ | ਮ | ਹ | ऽ | ਸ਼ | ਹੁ | ਪੂ | ऽ | ਜਾ | ऽ |
| ਸਾਂ | ਗਾਂ | ਰੇ | ਸਾਂ | ਧਂ | ਧ | ਪ | ਪ | ਧ | ਸਾਂ | ਧ | ਪ | ਗ | ਰੇ | ਸਾ | — |
| ਇ | ऽ | ਸ਼ਵ | ਰ | ਸੇ | ਵੀ | ਬ | ਡ | ਮ | ਹਿ | ਮਾ | ऽ | ਨਿ | ਆ | ऽ | ਰੀ |
| **ਤਾਨਾ** | | | | | | | | | | | | | | | |
| ਗੁ | ਰੂ | ਤੋ | ਰੇ (1) | ਚ | ਰ | ਨ | ਕ1 | ਸਰੇ | ਗਪ | ਧਪ | ਗਪ | ਧਪ | ਗਪ | ਗਰੇ | ਸਾ– |
| – | – | – | – (2) | – | – | – | –2 | ਗਰੇ | ਸਾਧ | ਸਾਰੇ | ਗਪ | ਧਪ | ਗਪ | ਗਰ | ਸਾ– |
| ਗੁ | ਰੂ | ਤੋ | ਰੇ (3) | ਗਰੇ | ਗਰੇ | ਗਰੇ | ਸਾਰੇ | ਸਾਰੇ | ਗਪ | ਧਪ | ਗਪ | ਧਪ | ਗਪ | ਗਰੇ | ਸਾ– |

# ਰਾਗ ਭੁਪਾਲੀ

## (ਸ਼ਬਦ)

ਹਮ ਅਵਗੁਣਿ ਭਰੇ ਏਕ ਗੁਣ ਨਾਹੀ॥
ਅੰਮ੍ਰਿਤ ਛਾਡਿ ਬਿਖੈ ਬਿਖ ਖਾਈ॥
ਮਾਯਾ ਮੋਹ ਭਰਮ ਪੈ ਭੂਲੇ॥
ਸੁਤ ਦਾਰਾ ਸਿਉ ਪ੍ਰੀਤਿ ਲਗਾਈ॥
ਇੱਕ ਉਦਮ ਪੰਥ ਸੁਨਿਉ ਗੁਰ ਸੰਗਤਿ॥
ਤਿਹ ਮਿਲੰਤ ਜਮ ਤ੍ਰਾਸ ਮਿਟਾਈ॥
ਇੱਕ ਅਰਦਾਸਿ ਭਾਟ ਕੀਰਤਿ ਦੀ,
ਗੁਰੂ ਰਾਮਦਾਸ ਰਾਖਹੁ ਸਰਟਾਈ॥

| ਸਥਾਈ | | | | | | ਰਾਗ ਭੂਪਾਲੀ | | | | | | ਤਿੰਨ ਤਾਲ | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| | | | | | | | | ਸਾਂ | – | ਧ | ਪ | ਗ | ਰੇ | ਸਾ | ਰੇ |
| | | | | | | | | ਗੁ | ਰ | ਰਾ | ਮਿ | ਦਾ | ऽ | ਸ | ਰਾ |
| ਧ | – | ਸਾ | ਰੇ | ਗ | ਰੇ | ਗ | – | ਰੇ | – | ਰੇ | – | ਰੇ | – | ਸਾ | ਰੇ |
| ਖ | ਉ | ਸੁ | ਰੁ | ਨਾ | ऽ | ਈ | ऽ | ਇ | ਕ | ਅ | ਰ | ਦਾ | ऽ | ਸਿ | ਭਾ |
| ਗ | ਪ | ਗ | ਰੇ | ਗ | ਰੇ | ਸਾ | – | | | | | | | | |
| ऽ | ਟ | ਕੀ | ऽ | ਰ | ਤਿ | ਕੀ | ऽ | | | | | | | | |
| **ਅੰਤਰਾ** | | | | | | | | ਗ | ਗ | ਗ | – | ਪ | – | ਧ | – |
| | | | | | | | | ਹਮ | ਅਵ | ਗੁਨਿ | ऽ | ਭ | ऽ | ਰ | ऽ |
| ਸਾਂ | – | ਸਾਂ | – | ਧ | ਰੇਂ | ਸਾਂ | – | ਸਾਂ | ਰੇ | ਗਂ | ਰੇਂ | ਸਾਂ | ਧ | ਪ | ਧ |
| ਏ | ਕ | ਗੁ | ਣ | ਨਾ | ऽ | ਹੀ | ऽ | ਅੰ | ਮ੍ਰਿ | 3 | ऽ | ਛਾ | ऽ | ਡਿ | ਬਿ |
| ਸਾਂ | – | ਸਾਂ | – | ਧ | ਰੇਂ | ਸਾਂ | – | ਸਾਂ | ਰੇਂ | ਗਂ | ਰੇਂ | ਸਾਂ | ਧ | ਪ | ਧ |
| ਖੈ | ऽ | ਬਿ | ਖ | ਖਾ | ऽ | ਈ | ऽ | ਅੰ | ਮ੍ਰਿ | ਤ | ऽ | ਛਾਂ | ऽ | ਡਿ | ਬਿ |
| ਸਾਂ | – | ਸਾਂ | – | ਧਸਾਂ | ਧਪ | ਗਰੇ | ਸ | | | | | | | | |
| ਖੈ | ऽ | ਬਿ | ਖ | ਖਾऽ | ऽऽ | ਈऽ | ऽऽ | | | | | | | | |

**ਬਾਕੀ ਅੰਤਰੇ ਵੀ ਇਸੇ ਤਰ੍ਹਾਂ ਹੀ ਗਾਓ।**

## ਪਾਠ-10

# ਰਾਗ ਦੁਰਗਾ

ਖਾਟ = ਬਿਲਾਵਲ

ਵਾਦੀ = ਮ (ਮਧਯਮ)

ਸਾਮਵਾਦੀ = ਸਾਂ (ਸ਼ੜਜ਼)

ਵਰਜਿਤ ਸੁਰ = ਗ, ਨੀ (ਗੰਧਾਰ, ਨਿਸ਼ਾਦ)

ਜਾਤੀ = ਔਤੜ-ਔੜਵ

ਗਾਣ, ਵਜਾਣ ਦਾ ਸਮਾਂ = ਰਾਤਸ ਦਾ ਦੂਸਰਾ ਪਹਿਰ

**ਸਧਾਰਨ ਪਰਿਚੈ —** ਰਾਗ ਦੁਰਗਾ ਬਿਲਾਵਲ ਖਾਟ ਦਾ ਰਾਗ ਹੈ। ਇਸ ਰਾਗ ਵਿੱਚ ਗ, ਨੀ ਸੁਰ ਵਰਜਿਤ ਹਨ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦੀ ਜਾਤੀ ਔੜਵ-ਔੜਵ ਹੈ। ਇਸ ਦੀ ਸਾਮਵਾਦੀ ਸੁਰ ਸਾ ਸਮਾਵਾਦੀ ਦਾ ਹੈ ਤੇ ਗਾਣ ਵਜਾਉਣ ਦਾ ਸਮਾਂ ਰਾਤ ਦਾ ਦੂਸਰਾ ਪਹਿਰ ਹੈ।

ਅਰੋਹ - ਸਾ ਰੇ ਮ ਪ ਧ ਸਾਂ।

ਅਵਰੋਹ - ਸਾਂ ਧ ਪ ਮ ਰੇ ਸਾ।

ਪਕੜ - ਸਾ ਰੇ ਮ ਪ ਮ ਰੇ ਧ ਸਾਂ।

ਅਲਾਪ-1. ਸ ਰੇ-- ਮ--ਮ--ਰੇ ਸਾ ਧ ਧ ਸ ਰੇ ਸਾ.

2. ਸ ਰੇ ਮ -- ਪ -- ਧ -- ਸਾਂ ਧ ਪ -- ਮ ਪ ਮ ਰੇ ਧ ਸ --

# (ਭਜਨ)

ਸਥਾਈ : ਲਾਈ ਲਗਨ ਮੋਹੇ ਸ਼ਿਆਮ ਸੁੰਦਰ ਸੇ।
ਮੁਰਲੀ ਮਨੋਹਰ ਸ਼੍ਰੀ ਗਿਰਧਰ ਸੇ

ਅੰਤਰ : ਲੋਕ ਲਾਜ ਕੁਲ ਮਰਿਯਾਦਾ ਤਜਿ
ਹਾਥ ਬਿਕਾਨੀ ਰਾਧਾ ਵਰ ਕੇ

## ਛੋਟਾ ਖਿਆਲ ਰਾਗ ਦੁਰਗਾ ਮੱਧ ਲੈਅ ਤਿੰਨ ਤਾਲ

### ਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਮ | ਪ | ਧ | ਪ | ਮ | ਰੇ | ਸਾ | ਰੇ | ਮ | – | ਪ | ਮ | ਰੇ | ਰੇ | ਸ | – |
| ਲਾ | ऽ | ਗੀ | ਲ | ਗ | ਨ | ਮੋ | ਰੇ | ਸ਼ਿਆ | ऽ | ਮ | ਸੁੰ | ਦ | ਰ | ਸੇ | ऽ |
| ਮ | ਰੇ | ਸਾ | ਧ | ਸ | ਰੇ | ਮ | ਪ | ਧ | – | ਮ | ਪ | ਮ | ਰੇ | ਸ | – |
| ਮੁ | ਰ | ਲੀ | ਮ | ਨੋ | ऽ | ਹ | ਰ | ਸ਼੍ਰੀ | ऽ | ਗਿਆ | ਰ | ਧ | ਰੇ | ਸੇ | ऽ |
| **ਅੰਤਰਾ** | | | | | | | | | | | | | | | |
| ਮ | ਮ | ਪ | ਪ | ਸਾਂ | ਧ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਰੇਂ | ਧ | ਸਾਂ | ਸਾਂ |
| ਲੋ | ऽ | ਕ | ਲਾ | ऽ | ਜ | ਕੁ | ਲ | ਮ | ਰ | ਯਾ | ऽ | ਦਾ | ऽ | ਤ | ਜਿ |
| ਧ | ਸਾਂ | ਰੇ | ਸਾਂ | ਧ | ਸਾਂ | ਧ | ਪ | ਮ | – | ਧ | ਪ | ਮ | ਰੇ | ਸਾ | – |
| ਹਾ | ऽ | ਥ | ਬਿ | ਕਾ | ऽ | ਨੀ | ऽ | ਰਾ | ऽ | ਧਾ | ऽ | ਵ | ਰ | ਕੇ | ऽ |
| **ਤਾਂਨਾ** | | | | | | | | | | | | | | | |
| ਲਾ | ऽ | ਗੀ | ਲ | ਗ | ਨ | ਮੋ | ਹੇ(1) | ਸਾਰੇ | ਮਪ | ਧਸਾਂ | ‘ਰੇਸਾਂ | ‘ਰੇਸਾਂ | ਧਪ | ਮਰੇ | ਸ– |
| – | – | – | – | – | – | – | –(2) | ਮਰੇ | ਸਾਧ | ਸਰੇ | ਮਪ | ਧਪ | ਮਪ | ਮਰੇ | ਸਾ– |

## (ਸ਼ਬਦ)

ਗੁਰ ਕੇ ਚਰਨ ਜੀਅ ਕਾ ਨਿਸਤਰਾ ॥
ਸਮੁੰਦ ਸਾਗਰ ਜਿਨਿ ਖਿਨਿ ਮਹਿ ਤਾਰਾ ॥ ਰਹਾਉ॥
ਕੋਈ ਹੋਆ, ਕ੍ਰਮ ਰਤ, ਕੋਈ ਤੀਰਥ ਨਾਇਆ।।
ਦਾਸੀ ਹਰਿ ਕਾ ਨਾਮ ਧਿਆਇਆ॥
ਬੰਧਨ ਕਾਟਨਹਾਰੁ ਸੁਆਮੀ॥
ਜਨ ਨਾਨਕੁ ਸਿਮਰੈ ਅੰਤਰਜਾਮੀ॥

| ਸਥਾਈ | | | | ਰਾਗ ਦੁਰਗਾ | | | | | | | | ਤਿੰਨ ਤਾਲ | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| | | | | | | | | ਧ | ਸਾਂ | ਧ | ਮ | ਮ | ਰੇ | ਸਾ | ਰੇ |
| | | | | | | | | ਗੁ | ਰੇ | ਕੇ | ऽ | ਚ | ਰ | ਨ | ਜੀਅ |
| ਪ | ਪ | ਪ | ਪ | ਧ | ਮ | ਪ | – | ਧ | ਸਾਂ | ਧ | ਪ | ਧ | ਮ | ਪ | ਪ |
| ਕਾ | ऽ | ਨਿ | ਸ | ਤਾ | ऽ | ਰਾ | ऽ | ਸ | ਮੁੰ | ਦੁ | ਸਾ | ਗ | ਰੁ | ਜਿ | ਨਿ |
| ਧਪ | ਮਪ | ਧਸਾਂ | ਧਪ | ਮਪ | ਧਪ | ਮਰੇ | ਸਾ | | | | | | | | |
| ਖਿਨ | ਨਿऽ | ਮऽ | ਹਿऽ | ਤਾਂ | ऽऽ | ਰਾ | ऽऽ | | | | | | | | |
| ਅੰਤਰਾ | | | | | | | | | | | | | | | |
| | | | | | | | | ਮ | ਮ | ਪ | ਪ | ਧ | – | ਪ | ਧ |
| | | | | | | | | ਕੋ | ਈ | ਹੋ | ਆ | ਕ੍ਰ | ਮ | ਰ | ਤੁ |
| ਸਾਂ | – | ਸਾਂ | – | ਰੇ | ਧ | ਸਾਂ | ਸਾਂ | ਸਾਂ | ਧ | ਸਾਂ | ਰੇ | ਸਾਂ | ਧ | ਪ | ਪ |
| ਕੋ | ਈ | ਤੀ | ਰਥ | ਨਾ | ऽ | ਇ | ਆ | ਦਾ | ऽ | ਸੀ | ऽ | ਹ | ਰਿ | ਕਾ | ऽ |
| ਮ | ਪ | ਧ | ਪ | ਮ | ਰ | ਸਾ | – | | | | | | | | |
| ਨਾ | ऽ | ਮੁ | ਧਿ | ਆ | ऽ | ਇ | ਆ | | | | | | | | |

**ਬਾਕੀ ਅੰਤਰੇ ਵੀ ਇਸੇ ਤਰਾਂ ਹੀ ਗਾਓ**

## ਪਾਠ-11

# ਤਾਲਾਂ

# ਤਿੰਨ ਤਾਲ

**ਤਾਲ ਦੀ ਜਾਣ - ਪਛਾਣ —** ਤਿੰਨ ਤਾਲ 16 ਮਾਤਰਾਵਾਂ ਦੀ ਤਾਲ ਹੈ ਇਸ ਨੂੰ ਤ੍ਰਿਤਾਲ ਵੀ ਕਹਿੰਦੇ ਹਨ। ਇਸ ਦੇ 4–4 ਮਾਤਰਾਵਾਂ ਦੇ 4 ਵਿਭਾਗ ਹੁੰਦੇ ਹਨ। ਇਸ ਵਿੱਚ 1, 5, 13 ਵੀ ਮਾਤਰਾ ਦੇ ਕ੍ਰਮਵਾਰ ਪਹਿਲੀ, ਦੂਸਰੀ ਅਤੇ ਤੀਸਰੀ ਤਾਲੀ ਹੈ। ਤਿੰਨ ਤਾਲ ਦੀ 9ਵੀਂ ਮਾਤਰਾ 'ਤੇ ਖਾਲੀ ਹੈ। ਇਹ ਤਬਲੇ ਦੀ ਤਾਲ ਹੈ ਇਹ ਤਾਲ ਗੀਤ, ਭਜਨ, ਸ਼ਬਦ ਅਤੇ ਸ਼ਾਸਤਰੀ ਸੰਗੀਤ ਨਾਲ ਵਜਾਈ ਜਾਂਦੀ ਹੈ।

| ਮੱਧ ਲੈਅ | | | | | ਤਿੰਨ ਤਾਲ | | | | | | | | ਇੱਕ ਗੁਣ | | | |
|---|---|---|---|---|---|---|---|---|---|---|---|---|---|---|---|---|
| ਮਾਤਰਾ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਤਾਲ ਦੇ ਬੋਲ | ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ | ਧਾ | ਤਿੰ | ਤਿੰ | ਤਾ | ਤਾਂ | ਧਿੰ | ਧਿੰ | ਧਾ |
| ਚਿੰਨ | × | | | | 2 | | | | 0 | | | 3 | | | | |

# ਰੂਪਕ ਤਾਲ

**ਤਾਲ ਦੀ ਜਾਣ-ਪਛਾਣ :** ਰੂਪਕ ਤਾਲ ਦੀਆਂ ਕੁੱਲ ਸੱਤ ਮਾਤਰਾਵਾਂ ਹੁੰਦੀਆਂ ਹਨ। ਇਹਨਾਂ ਮਾਤਰਾਵਾਂ ਨੂੰ ਅਸੀਂ ਤਿੰਨ ਭਾਗਾਂ ਵਿੱਚ ਵੰਡਦੇ ਹਾਂ। ਪਹਿਲੇ ਭਾਗ ਵਿੱਚ ਤਿੰਨ ਮਾਤਰਾ, ਦੂਸਰੇ ਅਤੇ ਤੀਸਰੇ ਭਾਗ ਵਿੱਚ ਦੋ-ਦੋ ਮਾਤਰਾਵਾਂ ਹੁੰਦੀਆਂ ਹਨ। ਪਹਿਲੀ ਮਾਤਰਾ ਤੇ ਸਮ ਜਾਂ ਖਾਲੀ, ਚੌਥੀ ਮਾਤਰਾ ਤੇ ਪਹਿਲੀ ਤਾਲੀ ਅਤੇ ਛੇਵੀਂ ਮਾਤਰਾ ਦੇ ਦੂਸਰੀ ਤਾਲੀ ਹੁੰਦੀ ਹੈ। ਇਹ ਤਾਲ, ਖਿਆਲ, ਗੀਤ ਗਜ਼ਲਾਂ ਆਦਿ ਨਾਲ ਵਜਾਈ ਜਾਂਦੀ ਹੈ।

| **ਮੱਧ ਲੈਅ** | | | | **ਰੂਪਕ ਤਾਲ** | | **ਇੱਕ ਗੁਣ** | |
|---|---|---|---|---|---|---|---|
| ਮਾਤਰਾ ਬੋਲ | 1 | 2 | 3 | 4 | 5 | 6 | 7 |
| ਬੋਲ | ਤਿੰ | ਤਿੰ | ਨਾ | ਧਿੰ | ਨਾ | ਧਿੰਨ | ਨਾ |
| ਚਿੰਨ | 0 | | | 2 | | 3 | |

******

## ਭਾਗ ਤੀਜਾ

# ਅੱਠਵੀਂ ਸ਼੍ਰੇਣੀ ਲਈ

## ਪਾਠ-1

# ਜਾਤੀ ਕਿਸ ਨੂੰ ਕਹਿੰਦੇ ਹਨ

### (ਔੜਵ, ਸ਼ਾੜਵ ਸੰਪੂਰਨ) ਤੇ ਉਪਜਾਤੀਆਂ

**ਜਾਤੀ :** ਸਪਤਕ ਦੇ ਸਤ ਸਵਰਾਂ ਵਿੱਚੋਂ ਜਿੰਨ੍ਹੇ ਵੀ ਸਵਰ ਲਗਦੇ ਹਨ ਉਹਨਾਂ ਦੇ ਪ੍ਰਯੋਗ 'ਤੇ ਜਾਤੀ ਨਿਰਧਾਰਿਤ ਹੁੰਦੀ ਹੈ ਕਿਉਂਕਿ ਕਿਸੇ ਰਾਗ ਵਿੱਚ ਘੱਟ ਤੋਂ ਘੱਟ 5 ਅਤੇ ਵੱਧ ਤੋਂ ਵੱਧ 7 ਸਵਰ ਲਗਦੇ ਹਨ। ਇਹਨਾਂ ਸਵਰਾਂ ਦੀ ਭਿੰਨ-ਭਿੰਨ ਗਿਣਤੀ ਹੀ ਜਾਤੀ ਕਹਿਲਾਉਂਦੀ ਹੈ। ਜਾਤੀ ਤੋਂ ਸਾਨੂੰ ਇਹ ਪਤਾ ਚਲਦਾ ਹੈ ਕਿ ਕਿਸੇ ਰਾਗ ਵਿੱਚ ਕਿੰਨੇ ਸਵਰ ਲਗਦੇ ਹਨ। ਇਸ ਲਈ ਰਾਗ ਵਿੱਚ ਪ੍ਰਯੋਗ ਹੋਣ ਵਾਲੇ ਸਵਰਾਂ ਦੀ ਭਿੰਨ-ਭਿੰਨ ਗਿਣਤੀ ਦੇ ਆਧਾਰ ਤੇ ਮੁੱਖ ਤਿੰਨ ਜਾਤੀਆਂ ਮੰਨੀਆਂ ਜਾਂਦੀਆਂ ਹਨ—

1. **ਸੰਪੂਰਨ ਜਾਤੀ**
2. **ਸ਼ਾੜਵ ਜਾਤੀ**
3. **ਔੜਵ ਜਾਤੀ**

1. **ਸੰਪੂਰਨ ਜਾਤੀ :** ਜਿਸ ਰਾਗ ਵਿੱਚ ਪੂਰੇ ਸੱਤ ਸਵਰਾਂ ਦਾ ਪ੍ਰਯੋਗ ਹੋਵੇ ਉਸ ਨੂੰ ਸੰਪੂਰਨ ਜਾਤੀ ਦਾ ਰਾਗ ਕਹਿੰਦੇ ਹਨ।

2. **ਸ਼ਾੜਵ ਜਾਤੀ :** ਜਿਸ ਰਾਗ ਵਿੱਚ ਸਪਤਕ ਦੇ ਸੱਤ ਸਵਰਾਂ ਵਿੱਚੋਂ ਕੋਈ ਇੱਕ ਸਵਰ ਵਰਜਿਤ ਕਰਕੇ ਛੇ ਸਵਰ ਪ੍ਰਯੋਗ ਹੋਣ ਉਸ ਨੂੰ ਸ਼ਾੜਵ ਜਾਤੀ ਦਾ ਰਾਗ ਕਹਿੰਦੇ ਹਨ।

3. **ਔੜਵ ਜਾਤੀ :** ਜਿਸ ਰਾਗ ਵਿੱਚ ਸਪਤਕ ਦੇ ਕੋਈ ਦੋ ਸਵਰ ਵਰਜਿਤ ਕਰਕੇ ਕੋਈ ਵੀ ਪੰਜ ਸਵਰ ਪ੍ਰਯੋਗ ਹੋਣ ਉਸ ਰਾਗ ਨੂੰ ਔੜਵ ਜਾਤੀ ਦਾ ਰਾਗ ਕਹਿੰਦੇ ਹਨ।

ਇਹਨਾਂ ਤਿੰਨ ਮੁੱਖ ਜਾਤੀਆਂ ਤੋਂ ਇਲਾਵਾ ਅਰੋਹ-ਅਵਰੋਹ ਦੇ

ਆਧਾਰ ਤੇ ਰਾਗ ਵਿੱਚ ਪ੍ਰਯੋਗ ਹੋਣ ਵਾਲੇ ਸਵਰਾਂ ਦੀ ਗਿਣਤੀ ਦੇ ਆਧਾਰ ਤੇ ਰਾਗ ਦੀਆਂ ਕੁੱਲ 9 ਉਪ ਜਾਤੀਆਂ ਬਣਦੀਆਂ ਹਨ। ਇਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ—

1. ਸੰਪੂਰਨ–ਔੜਵ ਜਾਤੀ
2. ਸੰਪੂਰਨ–ਸ਼ਾੜਵ ਜਾਤੀ
3. ਸੰਪੂਰਨ–ਸੰਪੂਰਨ ਜਾਤੀ
4. ਸ਼ਾੜਵ–ਔੜਵ ਜਾਤੀ
5. ਸ਼ਾੜਵ–ਸ਼ਾੜਵ ਜਾਤੀ
6. ਸ਼ਾੜਵ–ਸੰਪੂਰਨ ਜਾਤੀ
7. ਔੜਵ–ਔੜਵ ਜਾਤੀ
8. ਔੜਵ–ਸ਼ਾੜਵ ਜਾਤੀ
9. ਔੜਵ–ਸੰਪੂਰਨ ਜਾਤੀ

1. **ਸੰਪੂਰਨ-ਔੜਵ** : ਜਿਸ ਰਾਗ ਦੇ ਆਰੋਹ ਵਿੱਚ ਪੂਰੇ ਸੱਤ ਸਵਰ ਅਤੇ ਅਵਰੋਹ ਵਿੱਚ ਕੋਈ ਦੋ ਸਵਰ ਵਰਜਿਤ ਕਰਕੇ ਪੰਜ ਸਵਰ ਲਗਣ ਉਸ ਨੂੰ ਸੰਪੂਰਨ–ਔੜਵ ਦਾ ਰਾਗ ਕਹਿੰਦੇ ਹਨ।

2. **ਸੰਪੂਰਨ-ਸ਼ਾੜਵ** : ਜਿਸ ਰਾਗ ਦੇ ਆਰੋਹ ਵਿੱਚ ਪੂਰੇ ਸੱਤ ਸਵਰ ਅਤੇ ਅਵਰੋਹ ਵਿੱਚ 6 ਸਵਰਾਂ ਦਾ ਪ੍ਰਯੋਗ ਹੋਵੇ ਉਸ ਨੂੰ ਸੰਪੂਰਨ–ਸ਼ਾੜਵ ਜਾਤੀ ਦਾ ਰਾਗ ਕਹਿੰਦੇ ਹਨ।

3. **ਸੰਪੂਰਨ-ਸੰਪੂਰਨ** : ਜਿਸ ਰਾਗ ਦੇ ਆਰੋਹ ਅਤੇ ਅਵਰੋਹ ਵਿੱਚ ਸੱਤ–ਸੱਤ ਸਵਰ ਲੱਗਣ ਉਸ ਨੂੰ ਸੰਪੂਰਨ– ਸੰਪੂਰਨ ਜਾਤੀ ਦਾ ਰਾਗ ਕਹਿੰਦੇ ਹਨ।

4. **ਸ਼ਾੜਵ-ਔੜਵ** : **ਜਿਸ** ਰਾਗ ਦੇ ਆਰੋਹ ਵਿੱਚ ਛੇ ਸਵਰ ਅਤੇ ਅਵਰੋਹ ਵਿੱਚ ਪੰਜ ਸਵਰ ਲਗਣ ਉਹ ਸ਼ਾੜਵ–ਔੜਵ ਜਾਤੀ ਦਾ ਰਾਗ ਹੈ।

**5. ਸ਼ਾੜਵ-ਸ਼ਾੜਵ** : ਜਿਸ ਰਾਗ ਦੇ ਆਰੋਹ ਅਤੇ ਅਵਰੋਹ ਵਿੱਚ ਛੇ-ਛੇ ਸਵਰਾਂ ਦਾ ਪ੍ਰਯੋਗ ਹੋਵੇ ਉਹ ਸ਼ਾੜਵ-ਸ਼ਾੜਵ ਜਾਤੀ ਦਾ ਰਾਗ ਹੈ।

**6. ਸ਼ਾੜਵ ਸੰਪੂਰਨ** : ਜਿਸ ਰਾਗ ਦੇ ਆਰੋਹ ਵਿੱਚ 6 ਸਵਰ ਅਤੇ ਅਵਰਹੋ ਵਿੱਚ ਸੱਤ ਸਵਰ ਲੱਗਣ ਉਹ ਸ਼ਾੜਵ-ਸੰਪੂਰਨ ਜਾਤੀ ਦਾ ਰਾਗ ਹੈ।

**7. ਔੜਵ-ਔੜਵ** : ਜਿਸ ਰਾਗ ਦੇ ਆਰੋਹ ਅਤੇ ਅਵਰੋਹ ਵਿੱਚ 5-5 ਸਵਰਾਂ ਦੇ ਪ੍ਰਯੋਗ ਹੋਵੇ ਔੜਵ-ਔੜਵ ਜਾਤੀ ਦਾ ਰਾਗ ਹੈ।

**8. ਔੜਵ-ਸ਼ਾੜਵ** : ਜਿਸ ਦੇ ਆਰੋਹ ਵਿੱਚ ਪੰਜ ਸਵਰ ਅਤੇ ਅਵਰੋਹ ਵਿੱਚ 6 ਸਵਰ ਲੱਗਣ ਉਹ ਔੜਵ-ਸ਼ਾੜਵ ਜਾਤੀ ਦਾ ਰਾਗ ਹੈ.

**9. ਔੜਵ-ਸੰਪੂਰਨ** : ਜਿਸ ਰਾਗ ਦੇ ਆਰੋਹ ਵਿੱਚ ਪੰਜ ਸਵਰ ਅਤੇ ਅਵਰੋਹ ਵਿੱਚ ਪੂਰੇ 7 ਸਵਰਾਂ ਦਾ ਪ੍ਰਯੋਗ ਹੋਵੇ ਉਹ ਔੜਵ-ਸੰਪੂਰਨ ਜਾਤੀ ਦਾ ਰਾਗ ਹੋਵੇਗਾ।

******

## ਪਾਠ-2
# ਪਰਿਭਾਸ਼ਾਵਾਂ

### ਮਾਤਰਾ

ਸੰਗੀਤ ਵਿੱਚ ਸਮੇਂ ਦਾ ਮਾਪ (ਨਾਪ) ਦਾ ਸਭ ਤੋਂ ਛੋਟਾ ਪੈਮਾਨਾ ਮਾਤਰਾ ਹੈ। ਜਿਸ ਤਰ੍ਹਾਂ ਤੋਲ ਨਾਪਣ ਦੇ ਲਈ ਗ੍ਰਾਮ ਕਿਲੋਗ੍ਰਾਮ, ਲੰਬਾਈ ਨਾਪਣ ਲਈ ਮੀਟਰ ਸੈਂਟੀਮੀਟਰ, ਸਮਾਂ ਨਾਪਣ ਲਈ ਘੰਟਾ ਮਿੰਟ ਸੈਕਿੰਡ ਆਦਿ ਹਨ ਉਸੇ ਤਰ੍ਹਾਂ, ਸੰਗੀਤ ਦੇ ਸਮੇਂ ਨੂੰ ਨਾਪਣ ਲਈ ਮਾਤਰਾ ਬਣਾਈ ਗਈ ਹੈ. ਸੰਗੀਤ ਵਿੱਚ ਮਾਤਰਾ ਵਿੱਚ ਅਜੇਹੀ ਇਕਾਈ ਹੈ ਜਿਸ ਦੇ ਮਾਪਨ ਤੋਂ ਤਾਲ ਨੂੰ ਨਾਪਿਆ ਜਾ ਸਕਦਾ ਹੈ। ਮਾਤਰਾ ਦੇ ਵਿੱਚਕਾਰਲਾ ਮਾਪ ਗਾਇਕ ਵਾਦਕ ਆਪਣੀ ਇੱਛਾ ਅਨੁਸਾਰ ਘੱਟ ਜਾਂ ਵੱਧ ਕਰ ਸਕਦਾ ਹੈ। ਹਰੇਕ ਤਾਲ ਦੀਆਂ ਅਲਗ-ਅਲਗ ਮਾਤਰਾਵਾਂ ਹੁੰਦੀਆਂ ਹਨ ਜਿਵੇਂ ਕਹਿਰਵਾ ਤਾਲ ਦੀਆਂ ਅੱਠ ਤਿੰਨ ਤਾਲ ਦੀਆਂ ਸੋਲ੍ਹਾ ਮਾਤਰਾਵਾਂ।

### ਸਮ

ਜਿਸ ਮਾਤਰਾ ਤੋਂ ਤਾਲ ਸ਼ੁਰੂ ਕੀਤੀ ਜਾਂਦੀ ਹੈ ਉਸ ਨੂੰ ਸਮ ਕਹਿੰਦੇ ਹਨ। ਤਾਲ ਦਾ ਸਮ ਤਾਲ ਦੀ ਪਹਿਲੀ ਮਾਤਰਾ ਤੇ ਹੁੰਦਾ ਹੈ। ਤਾਲ ਵਿੱਚ ਸਮ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ ਅਤੇ ਇਸ ਤੇ ਵਿਸ਼ੇਸ਼ ਤਰ੍ਹਾਂ ਦਾ ਜ਼ੋਰ ਦਿੱਤਾ ਜਾਂਦਾ ਹੈ ਜਿਸ ਤੋਂ ਹੋਰ ਮਾਤਰਾਵਾਂ ਤੋਂ ਅਲਗ ਹੀ ਪਹਿਚਾਣ ਹੋ ਜਾਂਦੀ ਹੈ। ਕਿਸੇ ਵੀ ਗਾਇਨ ਦੀ ਜਾਂ ਵਾਦਨ ਦੇ ਨਾਲ ਤਾਲ ਦੀ ਸੰਗਤ ਸਮ ਤੋਂ ਸ਼ੁਰੂ ਅਤੇ ਸਮਾਪਤੀ ਵੀ ਸਮ ਤੋਂ ਹੁੰਦੀ ਹੈ। ਸਮ ਦੀ ਪਹਿਚਾਣ ਦੇ ਲਈ ਤਾਲ ਲਿਪੀ ਵਿੱਚ (×) ਦਾ ਚਿੰਨ੍ਹ ਲਗਾਇਆ ਜਾਂਦਾ ਹੈ।

## ਵਿਭਾਗ

ਹਰੇਕ ਤਾਲ ਦੇ ਬੋਲਾਂ ਦੀ ਅਸਾਨੀ ਦੇ ਲਈ ਕੁਝ ਛੋਟੇ-ਛੋਟੇ ਹਿੱਸਿਆਂ ਵਿੱਚ ਵੰਡਿਆਂ ਜਾਂਦਾ ਹੈ ਉਸ ਨੂੰ ਵਿਭਾਗ ਕਿਹਾ ਜਾਂਦਾ ਹੈ ਜਿਵੇਂ ਤਿੰਨੇ ਤਾਲ ਦੀਆਂ ਸੋਲ੍ਹਾਂ ਮਾਤਰਾਵਾਂ ਦੇ ਇੱਕ ਪੂਰੇ ਆਵਰਤਨ (ਚੱਕਰ) ਨੂੰ ਚਾਰ-ਚਾਰ ਮਾਤਰਾਵਾਂ ਦੇ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ। ਇਸ ਤਰ੍ਹਾਂ ਤਿੰਨ ਤਾਲ ਦੇ ਚਾਰ-ਵਿਭਾਗ ਹੋਏ। ਹਰੇਕ ਤਾਲ ਦੇ ਵਿਭਾਗ ਅਤੇ ਹਰੇਕ ਵਿਭਾਗ ਦੀ ਮਾਤਰਾ ਦੀ ਸੰਖਿਆ ਨਿਸ਼ਚਿਤ ਹੁੰਦੀ ਹੈ।

## ਤਾਲੀ

ਜਦੋਂ ਅਸੀਂ ਹੱਥ ਨਾਲ ਕੋਈ ਤਾਲ ਵਜਾਉਂਦੇ ਹਾਂ ਜਾਂ ਗਾਇਨ ਵਾਦਨ ਵਿੱਚ ਹੱਥ ਨਾਲ ਤਾਲ ਦਿੰਦੇ ਹਾਂ ਉਸ ਵਕਤ ਜਿਹੜੀ ਤਾਲੀ ਵਜਾਉਂਦੇ ਹਾਂ ਉਸ ਨੂੰ ਤਾਲੀ ਕਹਿੰਦੇ ਹਾਂ। ਕਿਸੇ ਇੱਕ ਤਾਲ ਵਿੱਚ ਕਈ ਤਾਲੀਆਂ ਹੁੰਦੀਆਂ ਹਨ ਜਿਵੇਂ ਤਿੰਨਤਾਲ ਵਿੱਚ 1, 5, 13 ਵੀ ਮਾਤਰਾ ਤੇ ਤਾਲੀ ਆਉਂਦੀ ਹੈ। ਤਾਲੀ ਤਾਲ ਦੇ ਹਰ ਵਿਭਾਗ ਦੀ ਪਹਿਲੀ ਮਾਤਰਾ ਤੇ ਹੁੰਦੀ ਹੈ। ਤਾਲ ਵਿੱਚ ਸਮ ਤੋਂ ਇਲਾਵਾ ਤਾਲੀ ਨੂੰ ਵੀ ਜ਼ੋਰ ਨਾਲ ਵਜਾ ਕੇ ਦਿਖਾਇਆ ਜਾਂਦਾ ਹੈ ਪਰ ਸਮ ਨਾਲੋਂ ਕੁਝ ਘੱਟ ਜ਼ੋਰ ਨਾਲ ਦਿਖਾਉਂਦੇ ਹਾਂ। ਤਾਲੀ ਨੂੰ 'ਭਰੀ ' ਵੀ ਕਿਹਾ ਜਾਂਦਾ ਹੈ। ਲਿਖਣ ਵਿੱਚ ਤਾਲੀ ਦਾ ਚਿੰਨ੍ਹ 2, 3, 4 ਆਦਿ ਸੰਖਿਆ ਦਾ ਪ੍ਰਯੋਗ ਹੁੰਦਾ ਹੈ।

## ਖਾਲੀ

ਜਦੋਂ ਅਸੀਂ ਤਾਲ ਵਜਾਉਂਦੇ ਹੋਏ ਜਿਵੇਂ ਤਾਲੀ ਆਉਣ ਤੇ ਆਵਾਜ਼ ਜਾਂ ਚੋਟ ਦਿੰਦੇ ਹਾਂ ਉਸ ਦੇ ਉਲਟ ਖਾਲੀ ਤੇ ਅਸੀਂ ਹੱਥ ਨੂੰ ਹਲਕਾ ਜਿਹਾ ਹਵਾ ਵਿੱਚ ਝਟਕ ਦਿੰਦੇ ਹਾਂ ਅਰਥਾਤ ਆਵਾਜ਼ ਨਹੀਂ ਕਰਦੇ ਉਹ ਖਾਲੀ ਹੋਵੇਗੀ। ਖਾਲੀ ਦਾ ਸਥਾਨ ਆਮਤੌਰ ਤੇ ਤਾਲ ਦੇ ਮਾਤਰਾਵਾਂ ਦੇ ਵਿਚਕਾਰ ਜਿਹਾ ਹੁੰਦਾ ਹੈ ਜਿਵੇਂ ਤਿੰਨਤਾਲ ਦੀ 9ਵੀਂ ਮਾਤਰਾ ਤੇ ਖਾਲੀ ਹੈ। ਤਾਲ ਲਿੱਪੀ ਲਿਖਦੇ ਸਮੇਂ ਖਾਲੀ ਨੂੰ '0' ਦੇ ਚਿੰਨ੍ਹ ਨਾਲ ਦਿਖਾਇਆ ਜਾਂਦਾ ਹੈ।

## ਆਵਰਤਨ

ਜਦ ਕਿਸੇ ਤਾਲ ਨੂੰ ਵਜਾਉਂਦੇ ਹੋਏ ਉਸ ਦੀਆਂ ਪੂਰੀਆਂ ਮਾਤਰਾਵਾਂ ਨੂੰ ਪੂਰਾ ਵਜਾ ਕੇ ਫਿਰ ਸਮ ਤੱਕ ਆਉਂਦੇ ਹਾਂ, ਆਵਰਤਨ ਕਹਿਲਾਉਂਦਾ ਹੈ ਜਿਵੇਂ ਤਿੰਨਤਾਲ ਦੀਆਂ 16 ਮਾਤਰਵਾਂ ਨੂੰ ਇਕ ਵਾਰੀ ਪੂਰਾ ਵਜਾ ਲੈਣ ਨੂੰ ਇੱਕ ਆਵਰਤਨ ਕਹਾਂਗੇ। ਜਿਵੇਂ ਘੜੀ ਦੀਆਂ ਸੂਈਆਂ 12 ਵਜੇ ਤੋਂ ਚਲ ਕੇ ਆਪਣਾ ਪੂਰਾ ਚੱਕਰ ਕਰਕੇ ਫਿਰ 12 ਵਜੇ ਤੱਕ ਪਹੁੰਚਣ, ਇਕ ਆਵਰਤਨ ਜਾਂ ਚੱਕਰ ਕਹਿਲਾਏਗਾ। ਗਾਉਣ ਵਜਾਉਣ ਦੇ ਨਾਲ਼-ਨਾਲ਼ ਇਹ ਆਵਰਤਨ ਚਲਦਾ ਰਹਿੰਦਾ ਹੈ। ਜਦੋਂ ਤੱਕ ਗਾਉਣ ਜਾਂ ਵਜਾਉਣਾ ਨਹੀਂ ਖ਼ਤਮ ਹੁੰਦਾ ਤਾਲ ਦਾ ਆਵਰਤਨ ਚਲਦਾ ਰਹਿੰਦਾ ਹੈ।

******

## ਪਾਠ-3

# ਗਾਇਕ ਦੇ ਗੁਣ ਅਤੇ ਔਗੁਣ

ਸੰਗੀਤ ਦਾ ਸਿੱਧਾ ਸੰਬੰਧ ਸਰੋਤਿਆਂ ਨੂੰ ਆਨੰਦ ਦੇਣਾ ਹੁੰਦਾ ਹੈ। ਕੋਈ ਵੀ ਗਾਇਕ ਵਾਦਕ ਜਾਂ ਨ੍ਰਿਤਕਾਰ ਆਪਮੀ ਕਲਾ ਰਾਹੀਂ ਸਰੋਤਿਆਂ ਨੂੰ ਖੁਸ਼ ਕਰਦਾ ਹੈ ਤਾਂ ਹੀ ਉਹ ਕੁਸ਼ਲ ਸੰਗੀਤਕਾਰ ਕਹਲਾਉਂਦਾ ਹੈ। ਕਿਸੀ ਵੀ ਕੰਮ ਨੂੰ ਠੀਕ ਢੰਗ ਨਾਲ ਕਰਨ ਦੇ ਕੁੱਝ ਨਿਯਮ ਹੁੰਦੇ ਹਨ ਜਿਸ ਦੇ ਆਧਾਰ ਤੇ ਕੋਈ ਵੀ ਕੰਮ ਠੀਕ ਢੰਗ ਨਾਲ ਪੇਸ਼ ਕੀਤਾ ਜਾ ਸਕਦਾ ਹੈ ਕਿਉਂਕਿ ਸਮੇਂ ਅਤੇ ਸਥਾਨ ਦੇ ਪਰਿਵਰਤਨ ਨਾਲ ਗੁਣ, ਦੋਸ਼ ਬਣ ਸਕਦਾ ਹੈ। ਇੱਕ ਸਧਾਰਣ ਗਾਇਕ ਸਰੋਤਿਆਂ ਤੇ ਤਾਂ ਹੀ ਪ੍ਰਭਾਵ ਪਾ ਸਕਦਾ ਹੈ ਜੇਕਰ ਉਸ ਨੂੰ ਲੈਅ ਤਾਲ ਦਾ ਪੂਰਾ ਗਿਆਨ ਹੋਵੇ। ਅੱਜ ਦੇ ਵਿਦਿਆਰਥੀ ਜਲਦੀ ਹੀ ਮੰਚ ਤੇ ਮਸ਼ਹੂਰ ਹੋਣ ਦੇ ਲਈ ਗਾਇਨ ਦੇ ਹਰ ਅੰਗ ਨੂੰ ਮੰਨਮਰਜ਼ੀ ਨਾਲ ਗਾਂਦੇ ਹਨ। ਗਾਇਕ ਨੂੰ ਗਾਇਨ ਦੇ ਗੁਣਾਂ ਅਤੇ ਔਗੁਣਾਂ ਦੇ ਵਲ ਧਿਆਨ ਦੇਣਾ ਚਾਹੀਦਾ ਹੈ ਅਤੇ ਔਗੁਣਾਂ ਨੂੰ ਛੱਡ ਦੇਣਾ ਚਾਹੀਦਾ ਹੈ।

**ਗਾਇਕ ਦੇ ਗੁਣ —**

1. ਜਿਸ ਦੀ ਆਵਾਜ਼ ਵਿੱਚ ਮੁਧਰਤਾ ਅਤੇ ਸੁਰੀਲਾਪਨ ਹੋਵੇ।
2. ਜਿਹੜਾ ਸੰਗੀਤ ਨਾਲ਼ ਸੰਬੰਧਤ ਗਿਆਨ ਅਤੇ ਉਸਦੇ ਕਿਰਿਆਤਮਕ ਰੂਪ ਦੀ ਜਾਣਕਾਰੀ ਰੱਖਣ ਵਾਲਾ ਹੋਵੇ।
3. ਜਿਹੜਾ ਗਾਇਨ ਅਤੇ ਵਾਦਨ ਦੇ ਸਾਰੇ ਅੰਗਾ ਅਤੇ ਸ਼ੈਲੀਆਂ ਦਾ ਗਿਆਨ ਰੱਖਣ ਵਾਲ਼ਾ ਹੋਵੇ।

4. ਜਿਹੜਾ ਸਵਰਾਂ ਦੇ ਸ਼ੁੱਧ, ਕੋਮਲ, ਤੀਵਰ ਰੂਪਾਂ ਦਾ ਪੂਰਾ ਗਿਆਨ ਰੱਖਣ ਵਾਲਾ ਹੋਵੇ।

5. ਗਾਇਕ ਨੂੰ ਰਾਗ ਪੇਸ਼ ਕਰਦੇ ਸਮੇਂ ਰਾਗ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ।

6. ਉਹ ਆਪਣੇ ਸੰਗੀਤ ਦੇ ਨਾਲ਼ ਭਾਸ਼ਾ ਅਤੇ ਸਾਹਿਤ ਦਾ ਗਿਆਨ ਰੱਖਣ ਵਾਲਾ ਅਤੇ ਸ਼ੁੱਧ ਉਚਾਰਣ ਕਰਨ ਵਾਲਾ ਹੋਵੇ।

7. ਜਿਸ ਨੂੰ ਆਪਣੀ ਆਵਾਜ਼ ਤੇ ਪੂਰਾ ਅਧਿਕਾਰ ਹੋਵੇ ਅਤੇ ਉਹ ਸਾਰੇ ਸਪਤਕਾਂ ਦਾ ਸਫਲਤਾ ਪੂਰਵਕ ਪ੍ਰਯੋਗ ਕਰ ਸਕੇ.

8. ਜਿਹੜਾ ਮੇਹਨਤੀ ਅਤੇ ਸਾਧਨਾ ਕਰਨ ਵਾਲ਼ਾ ਅਤੇ ਰੰਗਮੰਚ ’ਤੇ ਨਿਡਰ ਹੋ ਕੇ ਬੈਠ ਸਕੇ।

**ਗਾਇਕ ਦੇ ਔਗੁਣ —**

1. ਗਾਇਕ ਨੂੰ ਦੰਦ ਪੀਸ ਕੇ ਨਹੀਂ ਗਾਉਣਾ ਚਾਹੀਦਾ।

2. ਉਸ ਦੇ ਗਾਇਨ ਵਿੱਚ ਨਿਮਰਤਾ ਨਹੀਂ ਹੋਣੀ ਚਾਹੀਦੀ।

3. ਗਾਇਕ ਨੂੰ ਗਾਉਂਦੇ ਵੇਲੇ ਡਰ ਮਹਿਸੂਸ ਨਹੀਂ ਹੋਣਾ ਚਾਹੀਦਾ ਹੈ।

4. ਕੰਬਦੀ ਆਵਾਜ਼ ਵਿੱਚ ਜਾਂ ਮੂੰਹ ਫਾੜ ਕੇ ਗਾਉਣਾ ਵੀ ਇੱਕ ਔਗੁਣ ਹੈ।

5. ਬੇਤਾਲਾ ਗਾਉਣਾ।

6. ਮੂੰਹ ਟੇਡਾ ਕਰਕੇ ਤੇ ਹੱਥ ਪੈਰ ਪਟਕ-ਪਟਕ ਕੇ ਗਾਉਣਾ ਜਾਂ ਅੱਖਾਂ ਬੰਦ ਕਰਕੇ ਗਾਉਣਾ।

7. ਗਾਉਣ ਵਿੱਚ ਵਰਜਿਤ ਸੁਰ ਲਾਉਣਾ ਇਹ ਵੀ ਬਹੁਤ ਵੱਡਾ ਦੋਸ਼ ਹੈ। ਇਹ ਕੰਮ ਯੋਗ ਗਾਇਕ ਹੀ ਕਰ ਸਕਦਾ ਹੈ।

8. ਸੁਰ ਉਚਾਰਨ ਠੀਕ ਨਾ ਹੋਣਾ ਅਤੇ ਸਪਤਕ ਦੀ ਯੋਗ ਆਵਾਜ 'ਤੇ ਨਾ ਪਹੁੰਚਣਾ।

9. ਭਿਆਨਕ ਰੂਪ ਨਾਲ ਮੂੰਹ ਖੋਲਕੇ ਗਾਉਣਾ।

10. ਜਿਸ ਨੂੰ ਗਮਕ ਆਦਿ ਨਿਯਮਾਂ ਦਾ ਗਿਆਨ ਨਾ ਹੋਵੇ।

11. ਤਬਲੇ 'ਤੇ ਬੇਤਾਲਾ ਹੋਣਾ ਅਤੇ ਲੈਅ ਦੀ ਸਮਝ ਨਾ ਹੋਣੀ।

******

## ਪਾਠ-4

# ਥਾਟ

ਸੱਤ ਸਵਰਾਂ ਦਾ ਉਹ ਸਮੂਹ ਜਿਸ ਵਿੱਚ ਰਾਗ ਪੈਦਾ ਕਰਨ ਦੀ ਸ਼ਕਤੀ ਹੋਵੇ ਉਸ ਨੂੰ ਥਾਟ ਕਹਿੰਦੇ ਹਨ। ਥਾਟ ਨੂੰ 'ਮੇਲ' ਵੀ ਕਿਹਾ ਜਾਂਦਾ ਹੈ।

ਅਭਿਨਵ ਰਾਗ ਮੰਜਰੀ ਵਿੱਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ, "ਥਾਟ ਜਾਂ ਮੇਲ ਸਵਰਾਂ ਦੇ ਉਸ ਸਮੂਹ ਨੂੰ ਕਹਿੰਦੇ ਹਨ ਜਿਸ ਵਿੱਚ ਰਾਗ ਪੈਦਾ ਕਰਨ ਦੀ ਸ਼ਕਤੀ ਹੋਵੇ।"

**ਲਕਸ਼ਣ ਜਾਂ ਨਿਯਮ —**

1. ਹਰੇਕ ਥਾਟ ਵਿੱਚ ਹਮੇਸ਼ਾ ਸੱਤ ਸਵਰ ਹੋਣੇ ਚਾਹੀਦੇ ਹਨ।
2. ਥਾਟ ਵਿੱਚ ਸਵਰ ਹਮੇਸ਼ਾ ਕ੍ਰਮ ਵਿੱਚ ਹੋਣੇ ਚੀਹੇਦ ਹਨ ਜਿਵੇਂ ਸ ਰੇ ਗ ਮ ਪ ਧ ਨੀ।
3. ਥਾਟ ਸੰਪੂਰਨ ਹੋਣ ਦੇ ਕਾਰਣ ਆਰੋਹ ਤੋਂ ਵੀ ਕਿਸੀ ਥਾਟ ਦਾ ਪਤਾ ਚਲ ਸਕਦਾ ਹੈ ਇਸ ਲਈ ਅਵਰੋਹ ਦੀ ਜਰੂਰ ਨਹੀਂ ਹੈ।
4. ਥਾਟ ਵਿੱਚ ਇਕ ਸਵਰ ਦੇ ਦੋਵੇਂ ਰੂਪ ਨਹੀਂ ਪ੍ਰਯੋਗ ਕੀਤੇ ਜਾ ਸਕਦੇ।
5. ਥਾਟ ਗਾਇਆ-ਵਜਾਇਆ ਨਹੀਂ ਜਾਂਦਾ ਇਸ ਲਈ ਇਸ ਵਿੱਚ ਵਾਦੀ ਸਮਵਾਦੀ ਪਕੜ, ਸਮਾਂ ਜਾਤੀ ਆਦਿ ਦੀ ਜ਼ਰੂਰਤ ਨਹੀਂ ਹੁੰਦੀ।
6. ਥਾਟ ਵਿੱਚ ਰੰਜਕਤਾ ਦਾ ਹੋਣਾ ਜ਼ਰੂਰੀ ਨਹੀਂ।

7. ਥਾਟ ਦਾ ਨਾਂ ਉਸ ਦੇ ਅੰਤ ਵਿੱਚ ਆਏ ਕਿਸੇ ਪ੍ਰਸਿੱਧ ਰਾਗ ਦੇ ਨਾਂ ’ਤੇ ਰੱਖਿਆ ਜਾਂਦਾ ਹੈ।
8. ਥਾਟ ਨੂੰ ‘ਜਨਕ–ਥਾਟ’ ਵੀ ਕਿਹਾ ਜਾਂਦਾ ਹੈ।
9. ਥਾਟ ਦੀ ਸੰਖਿਆ ਦਸ ਮੰਨੀ ਜਾਂਦੀ ਹੈ।
10. ਗਣਿਤ ਦੇ ਆਧਾਰ ਤੇ ਸਿਰਫ਼ 72 ਥਾਟ ਬਣ ਸਕਦੇ ਹਨ ਇਸ ਤੋਂ ਘੱਟ ਜਾਂ ਜ਼ਿਆਦਾ ਨਹੀਂ।

**ਸ਼੍ਰੀ ਵਿਸ਼ਨੂੰ ਨਾਰਾਇਣ ਭਾਤਖੰਡੇ ਜੀ ਦੇ ਦਸ ਥਾਟ-**

1. **ਬਿਲਾਵਲ ਥਾਟ** :- ਇਸ ਵਿੱਚ ਸਾਰੇ ਸਵਰ ਸ਼ੁੱਧ ਲਗਦੇ ਹਨ ਜਿਵੇਂ ਸ ਰੇ ਗ ਮ ਪ ਧ ਨੀ।
2. **ਕਲਿਆਣ ਥਾਟ** :- ਇਸ ਥਾਟ ਵਿੱਚ ਮ ਤੀਵਰ ਬਾਕੀ ਸਾਰੇ ਸਵਰ ਸ਼ੁੱਧ ਲਗਦੇ ਹਨ ਜਿਵੇਂ ਸ ਰੇ ਗ ਮ ਪ ਧ ਨੀ।
3. **ਖਮਾਜ ਥਾਟ** :- ਇਸ ਵਿੱਚ ਨੀ ਕੋਮਲ ਬਾਕੀ ਦੇ ਸਵਰ ਸ਼ੁੱਧ ਲਗਦੇ ਹਨ ਜਿਵੇਂ ਸ ਰੇ ਗ ਮ ਪ ਧ ਨੀ।
4. **ਕਾਫੀ ਥਾਟ** :- ਇਸ ਥਾਟ ਵਿੱਚ ਗ ਨੀ ਕੋਮਲ ਬਾਕੀ ਸਾਰੇ ਸਵਰ ਸ਼ੁੱਧ ਲਗਦੇ ਹਨ ਜਵਿੇਂ ਸ ਰੇ ਗੁ ਮ ਪ ਧ ਨੀ।
5. **ਆਸਾਵਰੀ ਥਾਟ** :- ਇਸ ਥਾਟ ਵਿੱਚ ਗ ਧ ਨੀ ਕੋਮਲ ਅਤੇ ਬਾਕੀ ਦੇ ਸਾਰ ਸਵਰ ਸ਼ੁੱਧ ਲਗਦੇ ਹਨ ਜਿਵੇਂ ਸ ਰੇ ਗੁ ਮ ਪ ਧੁ ਨੀ।
6. **ਭੈਰਵੀ ਥਾਟ** :- ਇਸ ਥਾਟ ਵਿੱਚ ਰੇ ਗ ਧ ਨੀ ਕੋਮਲ ਅਤੇ ਬਾਕੀ ਸਵਰ ਸ਼ੁੱਧ ਲਗਦੇ ਹਨ ਜਿਵੇਂ ਸ ਰੇ ਗੁ ਮ ਪ ਧੁ ਨੀ।
7. **ਭੈਰਵ ਥਾਟ** :- ਇਸ ਥਾਟ ਵਿੱਚ ਰੇ ਧ ਕੋਮਲ ਅਤੇ ਬਾਕੀ ਸਾਰੇ ਸਵਰ ਸ਼ੁੱਧ ਹਨ ਜਿਵੇਂ ਸ ਰੇ ਗ ਮ ਧੁ ਨੀ।

8. **ਪੂਰਵੀ ਥਾਟ** :- ਇਸ ਵਿੱਚ ਰੇ ਧ ਕੋਮਲ ਮ ਤੀਵਰ ਅਤੇ ਬਾਕੀ ਦੇ ਸਵਰ ਸ਼ੁੱਧ ਹਨ ਜਿਵੇਂ ਸ ਰੁੇ ਗ ਮ ਪ ਧੁ ਨੀ।

9. **ਮਾਰਵਾ ਥਾਟ** :- ਇਸ ਥਾਟ ਵਿੱਚ ਰੇ ਕੋਮਲ ਮ ਤੀਵਰ ਬਾਕੀ ਦੇ ਸੁਰ ਵਰਜਿਤ ਲਗਦੇ ਹਨ। ਜਿਵੇਂ ਸਾ ਰੁੇ ਗ ਮ ਪ ਧ ਨੀ।

10. **ਤੋੜੀ ਥਾਟ** :- ਇਸ ਥਾਟ ਵਿੱਚ ਰੇ ਗ ਧ ਕੋਮਲ ਮ ਤੀਵਰ ਬਾਕੀ ਸਾਰੇ ਸਵਰ ਸ਼ੁੱਧ ਲਗਦੇ ਹਨ। ਜਿਵੇਂ ਸਾ ਰੁੇ ਗੁ ਮ ਧੁ ਨੀ।

******

## ਪਾਠ-5

# ਦਲੀਪ ਚੰਦਰ ਬੇਦੀ

ਦਲੀਪ ਚੰਦਰ ਬੇਦੀ ਜੀ ਦਾ ਨਾਂ ਮਹਾਨ ਸੰਗੀਤਕਾਰਾਂ ਅਤੇ ਸੰਗੀਤ ਸ਼ਾਸਤਰਾਂ ਵਿੱਚ ਲਿਆ ਜਾਂਦਾ ਹੈ। ਇਹਨਾਂ ਦਾ ਜਨਮ ਸੰਨ 1901 ਈ: ਨੂੰ ਪੰਜਾਬ ਦੇ ਇਤਿਹਾਸਕ ਨਗਰ ਅਨੰਦਪੁਰ ਸਾਹਿਬ ਵਿਖੇ ਹੋਇਆ। ਇਹਨਾਂ ਦਾ ਪਾਲਣ ਪੋਸ਼ਣ ਇਹਨਾਂ ਦੀ ਮਾਮੀ ਨੇ ਕੀਤਾ ਕਿਉਂਕਿ ਬਚਪਨ ਵਿੱਚ ਹੀ ਇਹਨਾਂ ਦੇ ਸਿਰ ਤੋਂ ਮਾਤਾ-ਪਿਤਾ ਦਾ ਸਾਇਆ ਉਠ ਗਿਆ ਸੀ। ਇਹਨਾਂ ਦੀ ਰੂਚੀ ਸੰਗੀਤ ਵਿੱਚ ਹੋਣ ਕਰਕੇ ਇਹਨਾਂ ਨੂੰ ਪੜ੍ਹਨ ਲਈ ਅੰਮ੍ਰਿਤਸਰ ਵਿੱਖੇ ਭੇਜ ਦਿੱਤਾ। ਇਹਨਾਂ ਨੇ ਹੋਰ ਵਿਸ਼ਿਆਂ ਦੇ ਨਾਲ-ਨਾਲ ਸੰਗੀਤ ਦੀ ਸਿੱਖਿਆ ਵੀ ਪ੍ਰਾਪਤ ਕੀਤੀ।

ਜਦੋਂ ਬੇਦੀ ਜੀ ਅਜੇ 17 ਸਾਲ ਦੇ ਹੀ ਸਨ ਤਾਂ ਜਲੰਧਰ ਵਿਖੇ ਸੰਗੀਤ ਮਹਾਂਸਭਾ ਦਾ ਸਲਾਨਾ ਉਤਸਵ ਹੋਇਆ। ਇਥੇ ਇਹਨਾਂ ਦੀ ਮੁਲਾਕਾਤ ਪੰ: ਭਾਸਕਰ ਰਾਵ ਜੀ ਨਾਲ਼ ਹੋਈ। ਪੰ: ਜੀ ਨੇ ਬੇਦੀ ਜੀ ਦੀ ਪ੍ਰਤਿਭਾ ਨੂੰ ਪਛਾਣ ਕੇ ਆਪਣਾ ਵਿਦਿਆਰਥੀ ਬਣਾ ਲਿਆ। 21 ਸਾਲ ਦੀ ਉਮਰ ਤੱਕ ਪੰ: ਜੀ ਤੋਂ ਸੰਗੀਤ ਦੀ ਵਿੱਦਿਆ ਲੈਂਦੇ ਰਹੇ।

ਅਚਾਨਕ ਪੰ: ਜੀ ਦੀ ਮੌਤ ਹੋ ਜਾਣ ਤੋਂ ਬਾਅਦ ਬੇਦੀ ਜੀ ਨੇ ਬੜੋਦਾ ਦੇ ਉਸਤਾਦ ਫੈਯਾਜ ਖਾਂ ਉਸਤਾਦ ਅੱਲਾਦਿੱਆ ਖਾਂ ਅਤੇ ਉਸਤਾਦ ਹੈਦਰ ਖਾਂ ਤੋਂ ਵੀ ਸੰਗੀਤ ਦੀ ਵਿੱਦਿਆ ਹਾਸਿਲ ਕੀਤੀ। ਸੰਗੀਤ ਦੀ ਸਿੱਖਿਆ ਦੇ ਨਾਲ ਨਾਲ ਇਹਨਾਂ ਨੇ ਹਿੰਦੀ, ਸੰਸਕ੍ਰਿਤ, ਉਰਦੂ, ਮਰਾਠੀ ਅਤੇ ਅੰਗਰੇਜ਼ੀ ਦੇ ਅਨੇਕ ਸੰਗੀਤ ਗ੍ਰੰਥਾਂ ਦਾ ਅਧਿਐਨ ਕੀਤਾ।

1924 ਈ: ਵਿੱਚ ਬੇਦੀ ਜੀ ਨੂੰ ਪਟਿਆਲਾ ਦਰਬਾਰ ਵੱਲੋਂ ਸਦਾ ਪੱਤਰ ਮਿਲਿਆ ਅਤੇ ਇਹਨਾਂ ਨੂੰ ਰਿਆਸਤ ਦਾ ਦਰਬਾਰੀ ਗੀਤਕਾਰ ਬਣਾ ਦਿੱਤਾ। ਅਲਗੇ ਸਾਲ ਇਹਨਾਂ ਨੂੰ ਲਖਨਊ ਦੇ ਅਖਿਲ ਭਾਰਤੀ ਸੰਮੇਲਨ ਵਿੱਚ ਸੋਨੇ ਦਾ ਤਮਗਾ ਮਿਲਿਆ।

ਉਹਨਾਂ ਦਿਨਾਂ ਵਿੱਚ ਚੰਗੇ ਕਲਾਕਾਰ ਨੂੰ ਪਦਵੀਆਂ ਦੇਣ ਦਾ ਰਿਵਾਜ਼ ਸੀ। ਬੇਦੀ ਜੀ ਵਰਗਾ ਕਲਾਕਾਰ ਇਸ ਖੇਤਰ ਵਿੱਚ ਕਿਵੇਂ ਪਿੱਛੇ ਰਹਿ ਸਕਦਾ ਸੀ। ਇਹਨਾਂ ਨੂੰ ਕਰਾਚੀ ਦੀ ਸਿੰਧ ਸੰਗੀਤ ਕਾਨਫਰੈਂਸ ਵਿੱਚ "ਮਹਿਤਾਬੇ ਮੌਸੀਕੀ" (ਸੰਗੀਤਕ ਅਕਾਸ਼ ਦਾ ਚੰਨ) ਜੀ ਉਪਾਧੀ ਮਿਲੀ। ਗੁਰੂ ਕੁਲ ਕਾਂਗੜੇ ਨੇ ਇਹਨਾਂ ਨੂੰ 'ਸੰਗੀਤ ਸਿੰਗਾਰ' ਦੀ ਉਪਾਦੀ ਦਿੱਤੀ। ਇਹਨਾਂ ਨੇ ਇਕ ਰਾਗ ਦੀ ਰਚਨਾ ਕੀਤੀ ਜਿਸ ਦਾ ਨਾਂ 'ਬੇਦੀ ਦੀ ਲਲਿਤ' ਰੱਖਿਆ ਜਿਸ ਲਈ ਮੈਸੂਰ ਦੇ ਮਹਾਰਾਜਾ ਨੇ ਇਹਨਾਂ ਨੂੰ ਇਸ ਰਾਗ ਲਈ ਇਨਾਮ ਦਿੱਤਾ।

ਆਪ ਰਾਸ਼ਟਰੀ ਸੰਗੀਤ ਨਾਟਕ ਨ੍ਰਿਤ ਅਕਾਦਮੀ ਵਿੱਚ ਪੰਜਾਬ ਪ੍ਰਦੇਸ਼ ਦੇ ਪ੍ਰਤਿਨਿਧ ਅਤੇ ਨਵੀਂ ਦਿੱਲੀ ਵਿਖੇ ਭਾਰਤੀ ਕਲਾ ਕੇਂਦਰ ਵਿੱਚ ਸੀਨੀਅਰ ਪ੍ਰੋਫੈਸਰ ਤੇ ਵੀ ਰਹੇ। ਸੰਨ 1935 ਈ: ਵਿੱਚ ਵਿਸ਼ਵ ਦੇ ਪ੍ਰਸਿੱਧ ਕਵੀ ਰਵਿੰਦਰਨਾਥ ਟੈਗੋਰ ਜੀ ਨੇ ਆਪ ਨੂੰ ਸ਼ਾਂਤੀ ਨਿਕੇਤਨ ਬੁਲਾਇਆ ਅਤੇ ਉਸ ਸਮੇਂ ਦੇ ਮਹਾਨ ਕਲਾਕਾਰਾਂ ਨੇ ਇਹਨਾਂ ਦੀ ਬਹੁਤ ਪ੍ਰਸੰਸਾ ਕੀਤੀ।

ਬੇਦੀ ਜੀ ਦੇ ਬਹੁਤ ਸ਼ਿਸ਼ ਸਨ ਕੁਝ ਨੇ ਨਾਂ ਹਨ ਸ਼੍ਰੀਮਤੀ ਮਾਨਿਕ ਵਰਮਾ, ਲਲਿਤ ਆਯੰਗਰ, ਸ਼ੰਕਰ ਹਾਵ, ਗੌਤਮ ਆਯਰ, ਹੁਸਨ ਲਾਲ, ਭਗਤ ਰਾਮ ਆਦਿ। ਇਹਨਾਂ ਦੇ ਪਿਆਰੇ ਰਾਗ ਸਨ ਰਾਮਕਲੀ, ਆਸਾਵਾਰੀ, ਦੇਸੀ, ਟੋਡੀ, ਮਲਾਰ, ਪੀਲੂ, ਚੰਦਰ ਕੌਸ਼ ਆਦਿ।


ਪੰ. ਦਲੀਪ ਚੰਦ ਬੇਦੀ ਅੰਤਿਮ ਦਿਨਾਂ ਵਿੱਚ ਦਿੱਲੀ ਵਿਖੇ ਰਹੇ। ਲੰਮਾ ਸਮਾਂ ਸਫਲ ਜੀਵਨ ਬਿਤਾ ਕੇ ਇਹ ਮਹਾਨ ਕਲਾਕਾਰ 13 ਨਵੰਬਰ, 1992 ਨੂੰ ਸਾਨੂੰ ਸਾਰਿਆਂ ਨੂੰ ਹਮੇਸ਼ਾ ਲਈ ਛੱਡ ਗਿਆ। ਪੰਜਾਬ ਦੀ ਧਰਤੀ ਨੇ ਦਲੀਪ ਚੰਦ ਬੇਦੀ ਦੇ ਰੂਪ ਵਿੱਚ ਇਗ ਬਹੁਮੁੱਲਾ ਸੰਗੀਤਕਾਰ ਅਤੇ ਸੰਗੀਤ ਸ਼ਾਸਤਰੀ ਰਤਨ ਦਿੱਤਾ ਜਿਹਨਾਂ ਨੂੰ ਅਸੀਂ ਸਾਰੇ ਭਾਰਤੀ ਮਹੇਸ਼ਾ ਯਾਦ ਰੱਖਾਂਗੇ।

******

# ਪਾਠ-6

# ਤਾਨਪੁਰਾ

**ਤਾਨਪੁਰਾ ਜਾਂ ਤੰਬੂਰਾ**




| | |
|---|---|
| 1. ਖੂੰਟੀ | 6. ਘੜ੍ਹਚ |
| 2. ਅੱਟੀ | 7. ਤਬਲੀ |
| 3. ਤਾਰ ਗਹਨ | 8. ਮਣਕਾ |
| 4. ਤਾਰਾਂ | 9. ਲੰਗੋਟ ਕਿੱਲ |
| 5. ਗੁਲੂ | 10. ਤੂੰਬਾ |

**ਚਿੱਤਰ ਨੰ. 1 — ਤਾਨਪੁਰਾ**

ਤਾਨਪੁਰਾ ਇੱਕ ਪ੍ਰਾਚੀਨ ਤੰਤ੍ਰੀ ਸਾਜ਼ ਹੈ। ਸ਼ਾਸਤਰੀ ਗਾਇਨ, ਵਾਦਨ ਅਤੇ ਨ੍ਰਿਤ ਵਿੱਚ ਸਿਰਫ਼ ਸਵਰ ਦੇਣ ਲਈ ਇਸ ਦਾ ਪ੍ਰਯੋਗ ਕੀਤਾ ਜਾਂਦਾ ਹੈ, ਪਰ ਸਿਰਫ ਗਾਇਨ ਵਿੱਚ ਹੀ ਇਸ ਦੀ ਸੰਗਤ ਦੇਣ ਲਈ ਇਸ ਨੂੰ ਸਰਬਸ਼ਰੇਸ਼ਠ ਜਾ ਸਭ ਤੋਂ ਉੱਤਮ ਮੰਨਿਆਂ ਜਾਂਦਾ ਹੈ। ਇਸ ਸਾਜ਼ ਵਿੱਚ ਸਵਰ ਜਾਂ ਧੁਨ ਹੀ ਨਹੀਂ ਨਿਕਲਦੀ ਸਗੋਂ ਇਸ ਦਾ ਪ੍ਰਯੋਗ ਸਵਰ-ਸੰਗਤ ਲਈ ਹੀ ਕੀਤਾ ਜਾਂਦਾ ਹੈ। ਇਸ ਦੇ ਅਵਿਸ਼ਕਾਰ ਬਾਰੇ ਕਿਹਾ ਜਾਂਦਾ ਹੈ ਕਿ ਤੰਬਰੂ ਨਾਮਕ ਗੰਧਰਵ ਨੇ ਇਸ ਦੀ ਖੋਜ ਕੀਤੀ, ਜਿਸ ਦੇ ਕਾਰਨ ਇਸ ਸਾਜ਼ ਨੂੰ 'ਤੰਬੂਰਾ' ਜਾਂ 'ਤਾਨਪੁਰਾ' ਕਿਹਾ ਜਾਣ ਲੱਗਾ।

**ਤਾਨਪੁਰੇ ਦਾ ਅੰਗ ਵਰਣਨ—**

1. **ਤੂੰਬਾ** :- ਲੌਕੀ ਦੀ ਬਣੀ ਹੋਈ ਸ਼ਕਲ ਦਾ ਹੁੰਦਾ। ਅੰਦਰ ਤੋਂ ਇਹ ਖੋਖਲਾ ਹੁੰਦਾ ਹੈ ਜਿਸ ਦੇ ਕਾਰਣ ਇਸ ਦੇ ਸਵਰ ਗੂੰਜਦੇ ਹਨ।

2. **ਤਬਲੀ** :- ਤੂੰਬੇ ਦਾ ਉਪਰਲਾ ਭਾਗ ਜਿਹੜਾ ਚਪਟਾ ਹੁੰਦਾ ਹੈ ਅਤੇ ਢੱਕਣ ਦਾ ਕੰਮ ਕਰਦਾ ਹੈ, ਤਬਲੀ ਕਹਲਾਉਂਦਾ ਹੈ।

3. **ਘੁਰੱਚ** :- ਇਹ ਲਕੜੀ ਜਾਂ ਹਾਥੀ ਦੰਦ ਦੀ ਬਣੀ ਚੌਂਕੀ ਹੁੰਦੀ ਹੈ। ਇਹ ਤਬਲੀ ਦੇ ਉੱਤੇ ਲੱਗੀ ਹੁੰਦੀ ਹੈ ਇਸ 'ਤੇ ਤਾਨਪੁਰੇ ਦੇ ਚਾਰੋ ਤਾਰ ਟਿਕੇ ਹੁੰਦੇ ਹਨ।

4. **ਡਾਂਡ** :- ਇਕ ਲੰਮਾ ਖੋਖਲਾ ਗੋਲ ਲਕੜੀ ਦਾ ਟੁਕੜਾ ਜਿਹੜਾ ਤੂੰਬੇ ਅਤੇ ਤਬਲੀ ਦੇ ਨਾਲ਼ ਜੁੜਿਆ ਹੁੰਦਾ ਹੈ, ਡਾਂਡ ਕਹਿਲਾਉਂਦਾ ਹੈ।

5. **ਗੁਲੂ** :- ਜਿਸ ਜਗ੍ਹਾਂ ਤੇ ਤਾਨਪੁਰੇ ਦਾ ਤੁੰਬਾ ਅਤੇ ਡਾਂਡ ਜੁੜਿਆਂ ਹੁੰਦਾ ਹੈ, ਗੁਲੂ ਕਹਿਲਾਉਂਦਾ ਹੈ.

6. **ਕਿੱਲ ਜਾਂ ਲੰਗੋਟ** :- ਤੂੰਬੇ ਦੇ ਨਿਚਲੇ ਭਾਗ ਵਿੱਚ ਤਾਰਾਂ ਨੂੰ ਬਣਨ ਲਈ ਇੱਕ ਕੀਲ ਜਾਂ ਤਿਕੋਣੀ ਪੱਟੀ ਲੱਗੀ ਹੁੰਦੀ ਹੈ ਉਸ ਨੂੰ ਕੀਲ ਜਾਂ ਲੰਗੋਟ ਕਹਿੰਦੇ ਹਨ੍।

7. **ਅੱਟੀ ਜਾਂ ਅਟੱਕ** :- ਤਾਨਪੁਰੇ ਦੇ ਚਾਰੋਂ ਤਾਰ ਕਿੱਲ ਤੋਂ ਘੁਰਚ ਤੱਕ ਹੁੰਦੇ ਹੋਏ ਉੱਤੇ ਨੂੰ ਜਾਂਦੇ ਹਨ। ਉਪਰਲੇ ਪਾਸੇ ਸਭ ਤੋਂ ਪਹਿਲਾਂ ਹਾਥੀ ਦੰਦ ਦੀ ਪੱਟੀ ਹੁੰਦੀ ਹੈ ਜਿਸ ਤੇ ਚਾਰੋ ਤਾਰ ਅਲਗ-ਅਲਗ ਰੱਖੇ ਜਾਂਦੇ ਹਨ ਇਸ ਨੂੰ ਅੱਟੀ ਕਹਿੰਦੇ ਹਨ।

8. **ਤਾਰਗਾਹਨ ਜਾਂ ਤਾਰਦਾਨ** :- ਅੱਟੀ ਦੇ ਨਾਲ਼ ਹੀ ਇੱਕ ਹਾਥੀ ਦੰਦ ਦੀ ਪੱਟੀ ਲੱਗੀ ਹੁੰਦੀ ਹੈ ਜਿਸ ਵਿੱਚ ਛੇਕ ਹੁੰਦੇ ਹਨ। ਇਹਨਾਂ ਛੇਕਾਂ ਵਿੱਚੋਂ ਤਾਰ ਨਿਕਲ ਕੇ ਖੂੰਟੀਆਂ ਵਲ ਜਾਂਦੀ ਇਸ ਨੂੰ ਤਾਰਗਾਹਨ ਕਹਿੰਦੇ ਹਨ।

9. **ਸਿਰਾ** :- ਤਾਨਪੁਰੇ ਦੀ ਡਾਂਡ ਦਾ ਉਪਰਲਾ ਭਾਗ ਸਿਰਾ ਕਹਿਲਾਉਂਦਾ ਹੈ ਇਹ ਭਾਗ ਤਾਰਦਾਨ ਦੇ ਪਿੱਛੈ ਹੁੰਦਾ ਹੈ ਜਿਸ ਵਿੱਚ ਤਾਨਪੁਰੇ ਦੀਆਂ ਚਾਰ ਖੂੰਟੀਆਂ ਲੱਗੀਆਂਸ ਹੁੰਦੀਆਂ ਹਨ।

10. **ਖੂੰਟੀਆਂ** :- ਡਾਂਡ ਦੇ ਸਿਰੇ ਭਾਗ ਉੱਪਰ ਲਕੜੀ ਦੀਆਂ ਬਣੀਆਂ ਹੋਈਆਂ ਚਾਰ ਖੂੰਟੀਆਂ ਲੱਗੀਆਂ ਹੁੰਦੀਆਂ ਹਨ ਜਿਸ ਵਿੱਚ ਤਾਨਪੁਰੇ ਦੇ ਚਾਰੋਂ ਤਾਰ ਬੰਨੇ ਹੁੰਦੇ ਹਨ। ਇਹਨਾਂ ਨਾਲ ਤਾਰਾਂ ਨੂੰ ਢਿੱਲਾ ਅਤੇ ਕੱਸਿਆ ਜਾਂਦਾ ਹੈ। ਦੋ ਖੂੰਟੀਆਂ ਸਿਰੇ ਦੇ ਉਪਰ ਅਤੇ ਦੋ ਦੂਜੇ ਪਾਸੇ ਹੁੰਦੀਆਂ ਹਨ।

11. **ਮਨਕਾ** :- ਹਾਥੀ ਦੰਦ, ਲਕੜੀ ਜਾਂ ਕੱਚ ਦੇ ਬਣੇ ਮੋਤੀ ਜਿਹੜੇ ਤਾਰਾਂ ਵਿੱਚ ਘੁਰੱਚ ਅਤੇ ਕਿਲ ਦੇ ਵਿਚਕਾਰ ਪਰੋਏ ਜਾਂਦੇ ਹਨ ਮਨਕਾ ਕਹਿਲਾਂਦੇ ਹਨ। ਇਹ ਮਨਕੇ ਤਾਰਾਂ ਨੂੰ ਢਿੱਲਾ ਅਤੇ ਕਸਣ ਦੇ ਕੰਮ ਆਉਂਦੇ ਹਨ ਤਾਂਕੀ ਸਵਰ ਮਿਲਾਏ ਜਾ ਸਕਣ।

12. **ਸੂਤ ਜਾਂ ਧਾਗਾ** :- ਘੁਰੱਚ ਤੇ ਉਪਰ ਜਿਥੇ ਤਾਰਾਂ ਰੱਖੀਆਂ ਜਾਂਦੀਆਂ ਹਨ ਉਥੇ ਧਾਗੇ ਨੂੰ ਦਬਾਇਆ ਜਾਂਦਾ ਹੈ। ਇਸ ਧਾਗੇ ਦੇ ਠੀਕ ਸਥਾਨ ਤੇ ਰੱਖੇ ਜਾਣ ਤੇ ਤਾਨਪੁਰੇ ਦੀ ਝੰਕਾਰ ਨਿਕਲਦੀ ਹੈ।

13. **ਜਵਾਰੀ** :- ਘੁਰੱਚ ਦੀ ਉਪਰੀ ਸਤਹ ਨੂੰ ਜਵਾਰੀ ਕਹਿੰਦੇ ਹਨ।

**14. ਪੱਤੀਆਂ** :- ਸਜਾਵਟ ਦੇ ਲਈ ਤੁੰਬੇ ਦੇ ਉੱਤੇ ਲਕੜੀ ਦੀਆਂ ਸੁੰਦਰ ਪੱਤੀਆਂ ਬਣਾਈਆਂ ਜਾਂਦੀਆਂ ਹਨ ਜਿਹਨਾਂ ਨੂੰ ਸ਼ਿੰਗਾਰ ਵੀ ਕਹਿੰਦੇ ਹਨ।

**15. ਤਾਰ** :- ਤਾਨਪੁਰੇ ਵਿੱਚ ਤਾਰ  ਤਾਰ ਹੁੰਦੇ ਹਨ। ਪਹਿਲਾ ਤਾਰ ਜਿਹੜਾ ਲੋਹੇ ਦਾ ਹੈ ਅਤੇ ਮੰਦਰ ਪੰਚਮ ਨਾਲ ਮਿਲਾਇਆ ਜਾਂਦਾ ਹੈ, ਦੂਜਾ ਅਤੇ ਤੀਜਾ ਲੋਹੇ ਦਾ ਜਿਸ ਨੂੰ ਜੋੜੀ ਦਾ ਤਾਰ ਕਹਿੰਦੇ ਹਨ ਅਤੇ ਇਹ ਦੋਵੇਂ ਸਪਤਕ ਦੇ ਸ ਨਾਲ਼ ਮਿਲਾਏ ਜਾਂਦੇ ਹਨ, ਚੌਥਾ ਤਾਰ ਪਿੱਤਲ ਦਾ ਹੁੰਦਾ ਹੈ ਜਿਹੜਾ ਮੰਦਰ ਸ ਨਾਲ ਮਿਲਦੇ ਹਨ। ਤਾਨਪੁਰੇ ਦੇ ਵਜਾਣ ਨੂੰ ਤਾਨਪੁਰੇ ਦਾ ਛੇੜਨਾ ਕਹਿੰਦੇ ਹਨ।

******

## ਪਾਠ-7

# ਸਵਰ ਲਿਪੀ

ਜਿਵੇਂ ਹਿੰਦੀ ਪੰਜਾਬੀ ਆਦਿ ਭਾਸ਼ਾਵਾਂ ਵਿੱਚ ਵਿਆਕਰਨ ਦੇ ਚਿੰਨ੍ਹਾਂ ਆਦਿ ਦੀ ਸਹਾਇਤਾ ਨਾਲ ਭਾਸ਼ਾ ਨੂੰ ਸਮਝਿਆ ਜਾ ਸਕਦਾ ਹੈ ਕਿ ਕੀ ਲਿਖਿਆ ਗਿਆ ਹੈ, ਠੀਕ ਉਸੇ ਤਰ੍ਹਾਂ ਸੰਗੀਤ ਵਿੱਚ ਵਿਸ਼ੇਸ਼ ਚਿੰਨ੍ਹਾਂ ਨਾਲ ਸੰਗੀਤ ਦੀ ਸੰਗੀਤਕ ਭਾਸ਼ਾ ਨੂੰ ਉਸ ਦੇ ਚਿੰਨ੍ਹਾਂ ਤੋਂ ਸਮਝਿਆ ਜਾ ਸਕਦਾ ਹੈ। ਇਹਨਾਂ ਹੀ ਵਿਸ਼ੇਸ਼ ਚਿੰਨ੍ਹਾਂ ਨੂੰ ਸਵਰ ਲਿੱਪੀ ਕਹਿੰਦੇ ਹਨ।

**ਭਾਰਤ ਵਿੱਚ ਦੋ ਤਰ੍ਹਾਂ ਦੀਆਂ ਪੱਦਤੀਆਂ ਦਾ ਪ੍ਰਚਲਨ ਹੈ।**

1. ਉੱਤਰ ਭਾਰਤੀ ਸੰਗੀਤ ਪੱਦਤੀ ਜਿਹੜੀ ਕਿ ਵਿਸ਼ਣੂ ਨਾਰਾਇਣ ਭਾਤਖੰਡੇ ਜੀ ਦੇ ਨਾਂ ਨਾਲ ਜਾਣੀ ਜਾਂਦੀ ਹੈ।
2. ਦੱਖਣ ਭਾਰਤੀ ਸੰਗੀਤ ਪੱਦਤੀ ਜਿਹੜੀ ਕਿ ਵਿਸ਼ਣੂ ਦਿਗੰਬਰ ਪੱਦਤੀ ਦੇ ਨਾਂ ਨਾਲ ਜਾਣੀ ਜਾਂਦੀ ਹੈ।

**ਵਿਸ਼ਣੂ ਨਰਾਇਣ ਭਾਤਖੰਡੇ ਪੱਦਤੀ**

| 1. ਸਵਰ ਚਿੰਨ੍ਹ | ਵਿਵਰਣ ਚਿੰਨ੍ਹ | ਉਦਾਹਰਣ |
|---|---|---|
| (1) ਸ਼ੁਧਸਵਰ | ਕੋਈ ਚਿੰਨ੍ਹ ਨਹੀਂ | ਸ ਰੇ ਗ |
| (2) ਕੋਮਲ ਸਵਰ | ਸਵਰ ਦੇ ਹੇਠਾਂ ਲੇਟਵੀਂ ਰੇਖਾ | ਰੇ ਗ |
| (3) ਤੀਵਰ ਸਵਰ | ਸਵਰ ਤੇ ਉਪਰ ਖੜੀ ਰੇਖਾ | ਮ |
| **2. ਸਪਤਕ ਤਿੰਨ** | | |
| (4) ਮੱਧ ਸਪਤਕ | ਕੋਈ ਚਿੰਨ੍ਹ ਨਹੀਂ | ਸ ਰੇ ਗ |
| (5) ਮੰਦਰ ਸਪਤਕ | ਸਵਰ ਦੇ ਹੇਠਾਂ ਬਿੰਦੂ | ਨੀ ਧ ਪ |
| (6) ਤਾਰ ਸਪਤਕ | ਸਵਰ ਦੇ ਉੱਪਰ ਬਿੰਦੂ | ਨੀਂ ਧਂ ਪਂ |

3. **ਸਵਰ ਮਾਨ**

| | | |
|---|---|---|
| (7) ਇਕ ਮਾਤਰਾ | ਕੋਈ ਚਿੰਨ੍ਹ ਨਹੀਂ | ਸ ਧ |
| (8) ਅੱਧੀ ਮਾਤਰਾ | ਉਲਟ ਅਰਧ ਚੱਕਰ | ਸਧ ਪਗ |
| (9) ਇਕ ਮਾਤਰਾ ਠਹਿਰਨ ਦੇ ਲਈ ਸਰਗਮ 'ਚ | – | ਗ–ਸ– |
| (10) ਇਕ ਮਾਤਰਾ ਗੀਤ ਉਚਾਰਣ ਵਿੱਚ | S | |

4. **ਤਾਲ ਲਿੱਪਿ**

| | | |
|---|---|---|
| (11) ਸਮ | x | ਧਾ ਗੇ ਨ ਤੀਂ। |
| (12) ਖਾਲੀ | o | ਨ ਕੇ ਧਿ ਨਾ। |
| (13) ਵਿਭਾਗ | \| | 1 2 3 4 |
| (14) ਤਾਲ ਸੰਖਿਆ | 2, 3, 4 | |
| (15) ਮਾਤਰਾ | 1 2 3 4 | |

**ਨੋਟ - ਇਸ ਪੱਦਤੀ ਵਿੱਚ ਹੋਰ ਵੀ ਚਿੰਨ੍ਹਾਂ ਦਾ ਵਿਵਰਣ ਹੈ। ਸੰਗੀਤ ਦੇ ਨਵੇਂ ਵਿਦਿਆਰਥੀਆਂ ਲਈ ਇੰਨੇ ਹੀ ਕਾਫ਼ੀ ਹਨ।**

******

## ਪਾਠ-8
# ਰਾਗ ਭੈਰਵੀ

ਥਾਟ–ਭੈਰਵੀ
ਵਾਦੀ–ਮ (ਮਧਯਮ)
ਸੰਮਵਾਦੀ– ਸਾ (ਸੜਜ਼)
ਸਵਰ–ਰੁੇ ਗੁ ਧੁ ਨੁੀ
ਜਾਤੀ–ਸੰਪੂਰਨ–ਸੰਪੂਰਨ
ਗਾਣ ਵਜਾਣ ਦਾ ਸਮਾਂ– ਸਵੇਰ ਦਾ ਪਹਿਲਾ ਪਹਿਰ

**ਸਧਾਰਨ-ਪਰਿਚੈ** :- ਰਾਗ ਭੈਰਵੀ ਭੈਰਵੀ ਥਾਟ ਦਾ ਆਸ਼ਰਯ ਰਾਗ ਹੈ। ਇਸ ਰਾਗ ਵਿੱਚ ਰੁੇ ਗੁ ਧੁ ਨੁੀ ਚਾਰੋ ਸਵਰ ਕੋਮਲ ਲਗਦੇ ਹਨ ਬਾਕੀ ਸਵਰ ਸ਼ੁਧ ਲਗਦੇ ਹਨ। ਇਸ ਰਾਗ ਵਿੱਚ ਕੋਈ ਵੀ ਸਵਰ ਵਰਜਿਤ ਨਹੀਂ। ਇਸ ਲਈ ਇਸ ਰਾਗ ਦੀ ਜਾਤੀ ਸੰਪੂਰਨ–ਸੰਪੂਰਨ ਹੈ। ਇਹ ਰਾਗ ਸੰਕੀਰਨ ਹੋਣ ਕਰਕੇ ਗੁਨੀਜਨ ਸਾਰੇ ਪ੍ਰਯੋਗ ਕਰ ਸਕਦੇ ਹਨ। ਇਸ ਰਾਗ ਵਿੱਚ ਠੁਮਰੀ ਗਾਈ ਜਾਂਦੀ ਹੈ। ਇਸ ਲਈ ਇਸ ਰਾਗ ਨੂੰ ਕਿਸੀ ਵੀ ਸਮੇਂ ਗਾਇਆ ਵਜਾਇਆ ਜਾ ਸਕਦਾ ਹੈ।

ਆਰੋਹ – ਸਾ ਰੁੇ ਗੁ ਮ ਪ ਧੁ ਨੁੀ ਸਾਂ।
ਅਵਰੋਹ – ਸਾਂ ਨੁੀ ਧੁ ਪ ਮ ਗੁ ਰੁੇ ਸਾ।
ਪਕੜ – ਮ ਗੁ ਰੁੇ ਗੁ, ਸਾ ਰੁੇ ਸਾ, ਧੁ ਨੁੀ ਸਾਂ।

ਅਲਾਪ

1. ਸਾ................. ਸਾਰੁੇ ਗੁ............ਮ..............ਮ ਪ ................ ਮਪ ਧੁ ਪ................ ਮ ਗੁ ਰੁੇ ਸਾ।
2. ਮ ਗੁ ਸਾ ਰੁੇ ਸਾ................ ਸਾ ਨੁੀ ਧੁ...........ਪ................ ਧੁ ਨੁੀ ਸਾ ਰੁੇ ਸਾ।
3. ਮ ਪ ਧੁ...........ਧੁ.............ਨੁੀ...........ਧੁ ਪ .................ਮ. ਗੁ.....ਸਾ ਰੁੇ ਸਾ ਧ ਨੀ,

4. ਗੁ ਮ ਪ ਧੁ ਧੁ ਪ.........ਗੁ ਮ ਧੁ ਨੁੀ ਸਾਂ, ਨੁੀ ਧੁ ਪ .........ਮ.......ਪ ਧੁ ਨੁੀ ਧੁ ਪ,............ ਮ ਗੁ ਰੁੇ ਸਾ ਧੁਨੀ ਸਾ......

## ਰਾਗ ਭੈਰਵੀ ਛੋਟੀ ਖਿਆਲ

## (ਤਿੰਨ ਤਾਲ)

ਸਥਾਈ : ਥਾਟ ਚਲਤ ਮੋਹੇ ਰੋਕੇ ਘਨਈਆ
ਬਿਨ ਤੀਕ ਰਤ ਨਾਹੀ ਮਨਿ ਨਿਰਦਈਆ

ਅੰਤਰਾ : ਬਾਰ-ਬਰ ਉਲਹਨ ਦੇ ਕੇ ਹਾਰੀ
ਬਰਜਤ ਨਾਹੀ ਯਸ਼ੋਦਾ ਮਈਆ

**ਰਾਗ ਭੈਰਵੀਂ ਸਥਾਈ** **ਛੋਟਾ ਖਿਆਲ** (**ਤਿੰਨ ਤਾਲ**)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸਾ | ਧੁ | ਪ | ਧ | ਮ | ਪ | ਗੁ | ਮ | ਪ | – | ਗੁ | ਮ | ਗੁ | ਰੁੇ | ਸਾ | – |
| ਬਾ | ਨੂੰ | ਟ | ਚ | ਲ | ਤ | ਮੋ | ਹੇ | ਰੋ | – | ਕੇ | ਘ | ਨ | ਈ | ਆ | – |
| ਮ | ਗੁ | ਸਾ | ਰੁੇ | ਧੁ | ਨੁੀ | ਸਾ | ਸਾ | ਗੁ | ਮ | ਪ | ਮ | ਗੁ | ਰੇ | ਸਾ | – |
| ਬਿ | ਨ | ਤੀ | ਕ | ਰ | ਤ | ਨਾ | ਹੀ | ਮਾ | ਨਿ | ਨਿ | ਰ | ਦ | ਈ | ਆ | ਨੂੰ |
| **ਅੰਤਰਾ** | | | | | | | | | | | | | | | |
| ਗੁ | ਮ | ਧੁ | ਨੁੀ | ਸਾਂ | ਸਾਂ | ਸਾਂ | ਸਾਂ | ਨੁੀ | ਸਾਂ | ਰੇ | ਮਾਂ | ਨੁੀ | ਨੁੀ | ਧੁ | ਪ |
| ਬਾ | ऽ | ਰ | ਬਾ | ऽ | ਰ | ਉ | ਲ | ਹ | ਨ | ਦੇ | ਕੇ | ਹਾ | ऽ | ਰੀ | ऽ |
| ਸਾ | ਰੁੇ | ਗੁ | ਰੇ | ਸਾ | ਨੁੀ | ਧੁ | ਮ | ਪ | – | ਗੁ | ਮ | ਗ | ਰੁੇ | ਸਾ | – |
| ਬ | ਰ | ਜ | ਤ | ਨਾ | ऽ | ਹੀ | ਯ | ਸ਼ੋ | ऽ | ਦਾ | ऽ | ਮ | ਈ | ਆ | ऽ |
| **ਤਾਨਾ** | | | | | | | | ਗੁਮ | ਪਮ | ਧੁਪ | ਮਪ | ਗੁਮ | ਪਰ | ਗੁਰੁੇ | ਸਾਂ |
| ਬਾ | – | ਟ | ਚ | ਲ | ਤ | ਮੋ | ਹੇ | ਮਗੁ | ਸਾਰੁੇ | ਧੁਨੀ | ਸਾਰੇ | ਗੁਮ | ਪਮ | ਗੁਰੁੇ | ਸਾਂ– |
| – | – | – | – | ................... | | | | | | | | | | | |
| ਬਾ | – | ਟ | ਚ | ਲ | ਤ | ਮੋ | ਹੇ | ਰੋ | – | ਕੇ | ਘ | ਨ | ਈ | ਆ | ऽ |
| ਸਾਰੁੇ | ਗੁਮ | ਪਧੁ | ਪਮ | ਗੁਮ | ਧੁਨੁੀ | ਧੁਪ | ਮਪ | ਮਪ | ਧੁਨੀ | ਸਾਂਨੁੀ | ਧੁਪ | ਨੁੀਧ | ਪਮ | ਗੁਰੇ | ਸਾ– |

# ਰਾਗ ਭੈਰਵੀ

## ਸ਼ਬਦ

ਊਠਤ ਸੁਖੀਆ ਬੈਠਤ ਸੁਖੀਆ!! ਭਉ ਨਹੀਂ ਲਾਗੈ ਜਾਂ ਐਸੇ ਬੁਝੀਆਂ॥1 ਰਾਖਾ ਏਕੁ ਹਮਾਰਾ ਸੁਆਮੀ॥ ਸਗਲ ਘਟਾ ਕਾ ਅੰਤਰ ਜਾਮੀ॥ ਰਹਾਉ॥ ਹੋਇ ਅਚਿੰਤਾ ਜਾਗਿ ਆਚਿੰਤਾ॥ ਜਹਾ ਕਹਾ ਪ੍ਰਭੁ ਤੂੰ ਵਰਤੰਤਾ॥2 ਘਰਿ ਸੁਖਿ ਵਸਿਆ, ਬਾਹਰਿ ਸੁਖ ਪਾਇਆ। ਕਹੁ ਨਾਨਕ ਗੁਰ ਮੰਤ੍ਰ ਦ੍ਰਿੜਾਇਆ। 3॥ 2॥.

**ਸਥਾਈ** **ਰਾਗ ਭੈਰਵੀ** (ਤਿੰਨ ਤਾਲ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਸਾ | ਗੁ | ਪ | ਮ | ਰੇ | ਸਾ | ਧੁ | ਨੁੀ |
| | | | | | | | | ਰਾ | ऽ | ਖਾ | ऽ | ਏ | ऽ | ਕੁ | ऽ |
| ਸਾ | – | ਰੇ | ਸਾ | ਮ | ਗੁ | ਰੁੇ | ਸਾ | ਸਾ | ਰੁੇ | ਗੁ | ਮ | ਪ | ਧੁ | ਪ | – |
| ਹ | ਮਾ | ਰਾ | ऽ | ਸੁ | ਆ | ਮੀ | ऽ | ਸ | ਗ | ਲ | ਘ | ਵਾ | ऽ | ਕਾ | ऽ |
| ਸਾਂਸਾਂ | ਨੁੀ | ਧੁ | ਪ | ਗੁਮ | ਪਮ | ਗੁਰੁੇ | ਸਾ | | | | | | | | |
| ਅੰऽ | ऽ | ਤ | ਰ | ਜਾਂऽ | ऽऽ | ਮੀਂऽ | ऽ | | | | | | | | |
| **ਅੰਤਰਾ** | | | | | | | | | | | | | | | |
| | | | | | | | | ਸਾ | ਗੁ | ਮ | – | ਧੁ | ਧੁ | ਨੁੀ | – |
| | | | | | | | | ਉ | ऽ | ਠ | ਤ | ਸੁ | ਖੀ | ਆ | ऽ |
| ਸਾਂ | ਸਾਂਸਾਂ | ਸਾਂ | ਸਾਂ | ਰੁੇਂ | ਨੀ | ਸਾਂ | – | ਸਾਂ | ਰੇ | ਸਾਂ | ਨੁੀ | ਧੁ | ਨੁੀ | ਧੁ | ਪ |
| ਬੈ | ऽऽ | ਠ | ਤ | ਸੁ | ਖੀ | ਆ | ऽ | ਭ | ਉ | ਨ | ਹੀ | ਲਾ | ऽ | ਗੇ | ਜਾ |
| ਗੁ | ਮ | ਪ | ਮ | ਗੁਮ | ਪਮ | ਗਰੇ | ਸਾਂ | | | | | | | | |
| ਐ | ऽ | ਸੇ | ऽ | ਬੁऽ | ਝੀ | ਆऽ | ऽ | | | | | | | | |

**ਬਾਕੀ ਵੀ ਅੰਤਰੇ ਇਸੀ ਤਰ੍ਹਾਂ ਗਾਓ।**

******

## ਪਾਠ-9

# ਰਾਗ ਖਮਾਜ

ਥਾਟ–ਖਮਾਜ

ਵਾਦੀ–ਗ (ਗੰਧਾਰ)

ਸਮਵਾਦੀ–ਨੀ (ਨਿਸ਼ਾਦ)

ਸਵਰ–ਅਵਰੋਹ ਵਿੱਚ ਨੁੀ ਕੋਮਲ

ਵਰਿਜਤ ਸਵਰ–ਆਰੋਹ ਵਿੱਚ ਰੇ (ਰਿਸ਼ਬ)

ਜਾਤੀ–ਸ਼ਾੜਵ–ਸੰਪੂਰਨ

ਗਾਉਣ–ਵਜਾਉਣ ਦਾ ਸਮਾਂ–ਰਾਤ ਦਾ ਦੂਜਾ ਪਹਿਰ

**ਸਾਧਾਰਨ ਪਰਿਚੈ**- ਰਾਗ ਖਮਾਜ ਖਮਾਜ ਥਾਟ ਦਾ ਆਸ਼ਰਯ ਰਾਗ ਹੈ। ਇਸ ਦੇ ਆਰੋਹ ਵਿੱਚ ਸ਼ੁਧ ਨੀ (ਨਿਸ਼ਾਦ, ਅਵਰੋਹ ਵਿੱਚ ਕੋਮਲ (ਨਿਸ਼ਾਦ) ਸਵਰ ਲਗਦਾ ਹੈ। ਇਸ ਦੇ ਆਰੋਹ ਵਿੱਚ ਰੇ (ਰਿਸ਼ਬ) ਸਵਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਸ਼ਾੜਵ–ਸੰਪੂਰਨ ਹੈ। ਇਸ ਦਾ ਮਿਲਦਾ–ਜੁਲਦਾ ਰਾਗ ਝੰਝੋਟੀ ਹੈ। ਇਸ ਦੇ ਗਾਉਣ–ਵਜਾਉਣ ਦਾ ਸਮਾਂ ਰਾਤ ਦਾ ਦੂਸਰਾ ਪਹਿਰ ਹੈ.

**ਅਰੋਹ** : ਸਾ ਗ ਮ ਪ ਨੀ ਸਾਂ।

**ਅਵਰੋਹ** - ਸਾਂ ਨੁੀ ਧ ਪ ਮ ਗ ਰੇ ਸਾ।

ਪਕੜ – ਗ ਮ ਪ ਨੁੀ ਧ ਮ ਪ ਗ–ਗ

ਅਲਾਪ–

1. ਸ ਗ....... ਮ ਮ... ਗ ਮ ਪ ..... ਮ ਗ ਮ ਗ ਰੇ ਸਾ।

2. ਗ ਮ ਪ ਨੁੀ ..... ਧ ਮ ਪ .... ਧ ਨੁੀ ਧ ਮ ਪ ਗ ਮ ਗ ਰੇ ਸਾ.

# ਭਜਨ

**ਸਥਾਈ :** ਹਰਿ ਚਰਨ ਚਿਤ ਲਾ ਰੇ ਮਨੁਵਾ
ਮੰਨ ਕੇ ਅੰਦਰ ਸ਼ਿਆਮ ਮੁਰਤਿ
ਰੱਖ ਕੇ ਅਤਿ ਸੁਖ ਪਾ ਰੇ ਮਨੁਵਾ।

**ਅੰਤਰ :** ਮੁਰਲੀ ਧਰ ਕੀ ਮਹਿਮਾ ਨਿਆਰੀ
ੳੁਨਕੇ ਗੁਣ ਨਿਤ ਗਾ ਰੇ ਮਨੁਵਾ

## ਰਾਗ ਖਮਾਜ ਛੋਟਾ ਖਿਆਲ (ਤਾਲ ਰੂਪਕ)

## ਮੱਧ ਲੈਅ

## ਸਥਾਈ

| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|
| ਨੀ | ਸਾਂ | ਨ਼ੀ | ਧ | ਪ | ਮ | ਪ | ਗ | – | ਮ | ਗ | ਰੇ | ਸਾ | – |
| ਹ | ਰਿ | ਚ | ਰ | ਨ | ਚਿ | ਤ | ਲਾ | ऽ | ਰੇ | ਮ | ਨ | ਵਾ | ऽ |
| ਗ | ਮ | ਪ | ਧ | ਪ | ਮ | ਪ | ਧ | ਨ਼ੀ | ਧ | ਨ਼ੀ | ਧ | ਪ | ਮ |
| ਮ | ਨ | ਕੇ | ਐ | ऽ | ਦ | ਰ | ਸਿਆ | ऽ | ਮ | ਮੁ | ऽ | ਰ | ਤਿ |
| ਨੀ | ਸਾਂ | ਨ਼ੀ | ਧ | ਪ | ਮ | ਪ | ਗ | ਮ | ਗ | ਰੇ | ਰੇ | ਸਾ | – |
| ਰੱ | ਖ | ਕੇ | ਅ | ਤਿ | ਸੁ | ਖ | | ਪਾ | ਰੇ | ਮ | ਨੁ | ਵਾ | – |
| **ਅੰਤਰਾ** | | | | | | | | | | | | | |
| ਗ | ਮ | ਪ | ਨ਼ੀ | ਧ | ਨੀ | ਨੀ̇ | ਸਾਂ | ਸਾਂ | ਸਾਂ | ਨੀ | ਰੇਂ | ਸਾਂ | – |
| ਮੁ | ਰ | ਲੀ | ਧ | ਰ | ਕੀ | ऽ | ਮ | ਹਿ | ਮਾ | ਨਿ | ਆ | ਰੀ | – |
| ਨੀ | ਸਾਂ | ਨ਼ੀ | ਧ | ਪ | ਮ | ਪ | | ਗ | ਮ | ਗ | ਰੇ | ਸਾ | – |
| ੳ | ਨ | ਕੇ | ਗੁ | ਨ | ਨਿ | ਤ | | ਗਾ | ਰੇ | ਮ | ਨੁ | ਵਾ | – |
| **ਤਾਨਾਂ** | | | | | | | | | | | | | |
| ਹ | ਰੀ | ਚ | ਰ | ਨ(1) | ਗਮ | ਪਮ | ਧਮ | ਮਪ | ਧਨ਼ੀ | ਧਪ | ਮਪ | ਮਗ | ਰੇਸਾ |
| ਹ | ਰੀ(2) | ਗਮ | ਪਮ | ਗਮ | ਗਮ | ਪਨ਼ੀ | ਧਪ | ਧਨ਼ੀ | ਧਮ | ਗਮ | ਪਨੀ | ਧਪ | ਮਗ |

## ਰਾਗ ਖਮਾਜ

ਕਵਨ ਸੰਜੋਗ ਮਿਲਉ ਪ੍ਰਭ ਅਪਨੇ।
ਪਲੁ ਪਲੁ ਨਿਮਖ ਸਦਾ ਹਰਿ ਜਪਨੇ॥
ਚਰਨ ਕਮਲ ਕੇ ਨਿਤ ਧਿਆਉ॥
ਕਵਨ ਸੁਮਤਿ ਜਿਤ ਪ੍ਰੀਤਮ ਪਾਵਉ॥ ਰਹਾਉ
ਐਸੀ ਕ੍ਰਿਪਾ ਕਰਹੁ ਪ੍ਰਭ ਮੇਰੇ॥
ਹਰਿ ਨਾਨਕ ਬਿਸਰੁ ਨ ਕਾਹੂ ਬੇਰੇ॥

**ਸਥਾਈ** **ਰਾਗ ਭੈਰਵੀ(ਤਿੰਨ ਤਾਲ)**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪ | ਸਾਂ | ਨੀ | ਸਾਂ | ਨੀ̱ | ਧ | ਮ | ਪ |
| | | | | | | | | ਕ | ਵ | ਨ | ਸੰ | ਜੋ | ਽ | ਗ | ਮਿ |
| ਨੀ | ਧ | ਮ | ਪ | ਧ | ਮ | ਗ | – | ਸਾ | ਸਾ | ਗ | ਗ | ਮ | ਪ | ਧ | ਨੀ |
| ਲਉ | ਽ | ਪ੍ਰ | ਭ | ਅ | ਪ | ਨੇ | ਽ | ਪ | ਲੁ | ਪ | ਲੁ | ਨਿ | ਮ | ਖ | ਸ |
| ਸਾਂ | – | ਨੀ | ਸਾਂ | ਨੀ̱ | ਧ | ਮ | ਗ | | | | | | | | |
| ਦਾ | ਽ | ਹ | ਰਿ | ਜ | ਪ | ਨੇ | ਽ | | | | | | | | |
| **ਅੰਤਰਾ** | | | | | | | | | | | | | | | |
| | | | | | | | | ਮ | ਪ | ਧ | ਧ | ਨੀ | ਨੀ | ਸਾਂ | ਸਾਂ |
| | | | | | | | | ਚ | ਰ | ਨ | ਕ | ਮ | ਲ | ਪ੍ਰ | ਭ |
| ਸਾਂ | – | ਨੀ | ਸਾਂ | ਨੀਸਾਂ | ਰੇਸਾਂ | ਨੀ | ਧ | ਸਾਂ | ਸਾਂ | ਰੇਂ | ਗ | ਨੀ̱ | ਧ | ਮ | ਪ |
| ਕੇ | ਽ | ਨਿ | 3 | ਧਿਆ | ਽਽ | ਵਉ | ਽ | ਕ | ਵ | ਨ | ਸੁ | ਮ | ਤਿ | ਜਿ | ਤੁ |
| ਨੀ̱ | ਧ | ਮ | ਪ | ਧ | ਮ | ਗ | – | | | | | | | | |
| ਪ੍ਰੀ | ਽ | 3 | ਮ | ਪਾ | ਵਉ | ਽ | ਽ | | | | | | | | |

ਬਾਕੀ ਅੰਤਰੇ ਵੀ ਇਸ ਤਰ੍ਹਾਂ ਗਾਓ।

******

## ਪਾਠ-10

# ਤਾਲਾਂ

# (ਇੱਕ ਤਾਲ ਤੇ ਝਪ ਤਾਲ)

**ਸਾਧਰਣ ਜਾਣ-ਪਛਾਣ** :– ਇਹ ਤਾਲ 12 ਮਾਤਰਾਵਾਂ ਦੀ ਤਾਲ ਹੈ। ਇਸ ਦੇ ਦੋ–ਦੋ ਮਾਤਰਾਵਾਂ ਦੇ ਛੇ ਭਾਗ ਹਨ। ਇਸ ਵਿਚ ਦੋ ਖਾਲੀ ਤੇ ਚਾਰ–ਭਰੀਆਂ ਮਾਤਰਾਵਾਂ ਹਨ। ਪਹਿਲੀ ਮਾਤਰਾ ਤੇ ਸਮ ਜਾਂ ਪਹਿਲੀ ਤਾਲੀ, ਦੂਸਰੀ ਤਾਲੀ, ਪੰਜਵੀਂ ਮਾਤਰਾ ਤੇ, ਤੀਸਰੀ ਤਾਲੀ ਨੌਵੀਂ ਮਾਤਰਾ ਤੇ ਅਤੇ ਚੌਥੀ ਤਾਲੀ ਗਿਆਰਵੀਂ ਮਾਤਰਾ ਤੇ ਹੁੰਦੀ ਹੈ। ਇਸ ਤਾਲ ਦੀ ਤੀਸਰੀ ਤੇ ਸੱਤਵੀਂ ਮਾਤਰਾ ਖਾਲੀ ਮੰਨਦੇ ਹਨ। ਇਹ ਤਾਲ ਭਜਨ, ਸ਼ਬਦ ਅਤੇ ਮੱਧ ਲੈਅ ਦੀਆਂ ਗਤਾਂ ਨਾਲ ਵਜਾਈ ਜਾਂਦੀ ਹੈ।

### ਇੱਕ ਤਾਲ

**ਮੱਧ ਲੈਅ** **ਇਕ ਗੁਣ**

| ਮਾਤਰਾ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਬੋਲ | ਧਿੰ | ਧਿੰ | ਧਾਗੇ | ਤ੍ਰਿਕਟ | ਤੂ | ਨਾ | ਕੱਤ | ਤਾਂ | ਧਾਗੇ | ਤ੍ਰਿਕਟ | ਧਿੰ | ਨਾ |
| ਦੁਗਣ | ਧਿੰਧਿ | ਧਾਗੇ ਤ੍ਰਿਕਟ | ਤੂਨਾ | ਕੱਤਤਾ | ਧਾਗੇ ਤ੍ਰਿਕਟ | ਧਿੰਨਾ | ਧਿੰਧਿ | ਧਾਗੇ ਤ੍ਰਿਕਟ | ਤੂਨਾ | ਕਤੱਤਾ | ਧਾਗੇ ਤ੍ਰਿਕਟ | ਧਿੰਨਾ |
| ਚਿੰਨ | × | | 0 | | 2 | | 0 | | 3 | | 4 | |

### ਝਪ ਤਾਲ

**ਸਧਾਰਨ ਜਾਣ-ਪਛਾਣ** :- ਝਪ ਤਾਲ ਦੀਆਂ ਦਸ ਮਾਤਰਾਵਾਂ ਹੁੰਦੀਆਂ ਹਨ। ਇਸ ਦੇ ਚਾਰ ਵਿਭਾਗ ਹੁੰਦੇ ਹਨ ਜਿਸ ਵਿੱਚ ਪਹਿਲਾ ਅਤੇ ਤੀਸਰਾ ਵਿਭਾਗ ਦੋ–ਦੋ ਮਾਤਰਾਵਾਂ ਦਾ ਦੂਸਰਾ ਅਤੇ ਚੌਥਾ ਵਿਭਾਗ ਵਿਭਾਗ ਤਿੰਨ–ਤਿੰਨ ਮਾਤਰਾਵਾਂ ਦਾ ਹੁੰਦਾ ਹੈ ਇਸ ਤਾਲ ਦੇ ਪਹਿਲੀ ਮਾਤਰਾ ਤੇ ਸਮ ਜਾਂ ਪਹਿਲੀ ਤਾਲੀ ਤੀਸਰੀ ਮਾਤਰਾ ਦੇ ਦੂਸਰੀ ਤਾਲੀ ਅੱਠਵੀਂ ਮਾਤਰਾ

ਤੇ ਤੀਸਰੀ ਤਾਲੀ ਹੁੰਦੀ ਹੈ। ਇਸ ਤਾਲ ਦੀ ਛੇਵੀਂ ਮਾਤਰਾ ਖਾਲੀ ਮੰਨਦੇ ਹਾਂ। ਇਹ ਤਾਲ ਖਿਆਲ ਗੀਤ ਨਾਲ ਜਿਆਦਾ ਵਜਾਈ ਜਾਂਦੀ ਹੈ। ਇਸ ਦੀ ਝੂਮਦੀ ਹੋਈ ਚਾਲ ਦੇ ਕਾਰਨ ਇਸ ਤਾਲ ਦਾ ਮਾਨ ਝਪਤਾਲ ਪਿਆ ਹੈ। ਇਹ ਤਾਲ ਸਿੰਗਾਰ ਰਸ ਦੀ ਪਰਿਚਾਰਕ ਹੈ।

## ਝਪ ਤਾਲ

**ਮੱਧ ਲੈਅ** **ਇਕ ਗੁਣ**

| | | | | | | | | | | |
|---|---|---|---|---|---|---|---|---|---|---|
| ਮਾਤਰਾ | 1 | 2 | 3 | 4 | 5 | 6 | 7 | 8 | 9 | 10 |
| ਬੋਲ | ਧਿੰ | ਨਾ | ਧਿੰ | ਧਿੰ | ਨਾ | ਤਿੰ | ਨਾ | ਧਿੰ | ਧਿੰ | ਨਾ |
| ਦੁਗੁਣ | ਧਿੰਨਾ | ਧਿੰਧਿ | ਨਾਤਿੰ | ਨਾਧਿੰ | ਧਿੰਨਾ | ਧਿੰਨਾ | ਧਿੰਧਿ | ਨਾਤਿ | ਨਾਧਿੰ | ਧਿੰਨਾ |
| ਚਿੰਨ | | × | | 2 | | | 0 | | 3 | |

******

## ਪਾਠ-11

# ਪਹਾੜੀ ਲੋਕ ਗੀਤ

| | |
|---|---|
| **ਸਥਾਈ :** | ਇਸ ਬਰੋਟੇ ਦੀਆਂ ਛਾਵਾਂ ਛਾਵਾਂ |
| | ਇੱਕ ਪਲ ਬ੍ਹਈ ਜਾਣਾ ਬ੍ਹਈ ਜਾਣਾ ਹੋ |
| | ਰਾਤੀਂ ਰਹੀ ਜਾਣਾ ਰਹੀ ਜਾਣਾ ਹੋ। |
| **ਅੰਤਰਾ** (1) | ਹਰੀਪੁਰ ਨੂਰਪੁਰ ਠੰਡੀਆਂ ਨੇ ਛਾਵਾਂ |
| | ਜਿੱਥੇ ਏ ਬਲੋਚਾਂ ਦਾ ਠਾਣਾ ਠਾਣਾ |
| | ਪਲ ਭਰ ਬ੍ਹਈ ਜਾਣ ਬ੍ਹਈ ਜਾਣਾ ਹੈ। |
| **ਅੰਤਰਾ** (2) | ਚਿੱਟੇ ਚਿੱਟੇ ਚੌਲ ਤੇ ਦੁਧ ਬੇ ਮ੍ਹਈਂ ਦਾ |
| | ਏ ਹੈ ਬਲੋਚਾਂ ਦਾ ਖਾਣਾ ਖਾਣਾ |
| | ਪਲ ਭਰ ਬ੍ਹਈ ਜਾਣਾ ਬ੍ਹਈ ਜਾਣਾ ਹੈ। |
| **ਅੰਤਰਾ** (3) | ਸੱਦੀਂ ਵੇ ਸਿਪਾਹੀਆਂ ਪੁੱਛੀਂ ਵੇ ਰਾਜਿਆ |
| | ਏ ਹੈਂ ਬਲੋਚਾਂ ਦਾ ਠਾਣਾ ਠਾਣਾ |
| | ਪਲ ਭਰ ਬ੍ਹਈ ਜਾਣਾ ਬ੍ਹਈ ਜਾਣਾ ਹੋ। |
| **ਅੰਤਰਾ** (4) | ਲੰਬੇ ਲੰਬੇ ਟੋਪੂ ਛੋਟੇ ਛੋਟੇ ਚੋਲੂ |
| | ਏ ਹੈ ਬਲੋਚਾਂ ਦਾ ਲਾਣਾ ਜਾਣਾ |
| | ਪਲ ਭਰ ਬ੍ਹਈ ਜਾਣਾ ਬ੍ਹਈ ਜਾਣਾ ਹੋ। |

**ਸਥਾਈ** **ਸੁਰ ਲਿਪੀ** **ਤਾਲ ! ਦਾਦਰਾ**

| 1 | 2 | 3 | 4 | 5 | 6 |
|---|---|---|---|---|---|
| ਧਾਧਾ | ਧਾ | ਧਾ | ਧਾ | ਧਾ | ਧਾਪਾ |
| ਇਸ | ਬੇ | ਬ | ਰੋ | ਟੇ | ਦੀਆਂ |
| ਮਾਪਾ | ਪਾ | ਧਾਪਾ | ਮਾਰੇ | ਰੇਪਾ | ਮਾਮਾ |
| ਛਾਂऽ | ਵਾਂ | ਛਾਂऽ | ਵਾਂऽ | ਇਕ | ਪਲ |
| ਗਾਗਾ | ਸਾ | ਰੇ | ਸਾਧਾ | ਸਾ | ਰੇ |
| ਬੁਈ | ਜਾ | ਣਾ | ਬੁਈ | ਜਾ | ਣਾ |
| ਮਾ | – | – ਗਾ | ਰੇ | ਰੇਪਾ | ਮਾ |
| ਹੋ | ऽ | ऽऽ | – | ਰਾऽ | ਤੀਂ |
| ਗਾਗਾ | ਸਾ | ਰੇ | ਮਾਧਾ | ਸਾ | ਰੇ |
| ਰਹੀ | ਜਾ | ਣਾ | ਰਹੀ | ਜਾ | ਣਾ |
| ਮਾ | – | – | – | – | – |
| ਹੋ | ऽ | ऽ | ऽ | ऽ | ऽ |

**ਅੰਤਰਾ** (1)

| 1 | 2 | 3 | 4 | 5 | 6 |
|---|---|---|---|---|---|
| ਸਾਂਸਾਂ | ਸਾਂ | ਰੇਂ | ਸਾਂਸਾਂ | ਸਾਂ | ਸਾਂ |
| ਹਰੀ | ਪ – | ਰ | ਨੂਰ | ਪੁ | ਰ |
| ਸਾਧਾ | ਧਾ | ਮਾ | ਮਾਧਾ | ਮਾ | – |
| ਠੰਡੀ | ਆਂ | ਨੇ | ਛਾਂऽ | ਵਾਂ | ऽ |
| ਪਾਪਾ | ਪਾ | ਪਾ | ਪਾ | ਪਾ | ਪਾਮਾ |
| ਜਿੱਥੇ | ਏ | ਬ | ਲੋ | ਚਾਂ | ਦਾऽ |
| ਪਾਧਾ | ਧਾ | ਮਾ | ਰੇ | ਰੇਪਾ | ਮਾਮਾ |
| ਠਾऽ | ਣਾ | ਠਾ | ਣਾ | ਪਲ | ਭਰ |
| ਗਾਗਾ | ਸਾ | ਰੇ | ਪਾਧਾ | ਸਾ | ਰੇ |
| ਬੁਈ | ਜਾ | ਣਾ | ਬੁਈ | ਜਾ | ਣਾ |
| ਮਾ | – | –ਗੁਾ | ਰੇ | ਰੇਪਾ | ਮਾ |
| ਹੋ | ऽ | ऽऽ | ऽ | ਰਾऽ | ਤੀਂ |
| ਗਾਗਾ | ਸਾ | ਰੇ | ਧਾਧਾ | ਸਾ | ਰੇ |
| ਰਹੀ | ਜਾ | ਣਾ | ਰਹੀ | ਜਾ | ਣਾ |
| ਮਾ | – | – | – | – | – |
| ਹੋ | ऽ | ऽ | ऽ | ऽ | ऽ |

**ਬਾਕੀ ਅੰਤਰੇ ਵੀ ਪਹਿਲੇ ਅੰਤਰੇ ਵਾਂਗ ਗਾਏ ਜਾਣ।**

## ਪਾਠ-12

# ਛੇਵੀਂ, ਸਤਵੀਂ ਅਤੇ ਅੱਠਵੀਂ ਦੇ ਪਾਠ-ਕ੍ਰਮ ਦੀਆਂ ਸਭ ਤਾਲਾਂ ਦੀ ਦੂੱਗਣ

### ਤਾਲ ਦਾਦਰਾ ਦੂੱਗਣ

| 1 | 2 | 3 | 4 | 5 | 6 |
|---|---|---|---|---|---|
| ਧਾਧਿੰ | ਨਾਧਾ | ਤਿੰਨਾ | ਧਾਧਿ | ਨਾਧਾ | ਤਿੰਨਾ |
| × | | | 0 | | |

### ਤਾਲ ਕਹਿਰਵਾ ਦੂੱਗਣ

| 1 | 2 | 3 | 4 | 5 | 6 | 7 | 8 |
|---|---|---|---|---|---|---|---|
| ਧਾਗੇ | ਨਾਤਿ | ਨਾਕੇ | ਧਿੰਨਾ | ਧਾਗੇ | ਨਾਤਿ | ਨਾਕੇ | ਧਿੰਨਾ |
| × | | | | 0 | | | |

### ਤਾਲ ਰੂਪਕ ਦੂੱਗਣ

| 1 | 2 | 3 | 4 | 5 | 6 | 7 |
|---|---|---|---|---|---|---|
| ਤਿੰਨਾ | ਨਾਧੀ | ਨਾਧੀ | ਨਾਤੀ | ਤਿੰਨਾ | ਧਿੰਨਾ | ਧਿੰਨਾ |
| × | | | 1 | | 2 | |

### ਝਪਤਾਲ ਦੂੱਗਣ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਧਿੰਨਾ | ਧਿੰਧਿੰ | ਨਾਤੀ | ਨਾਧੀ | ਧਿੰਨ | ਧਿੰਨਾ | ਧਿੰਧਿ | ਨਾਤੀ | ਨਾਧੀ | ਧਿੰਨਾ |
| × | | 2 | | | 0 | | 3 | | |

## ਇਕ ਤਾਲ ਦੁਗਣ

| 1 2 | 3 4 | 5 6 | 7 8 | 9 10 | 11 12 |
|---|---|---|---|---|---|
| ਧਿੰਧਿੰ ਧਾਗੇ ਤਿਰਕਟ | ਤੁਨਾ ਕੱਤਾ | ਧਾਗੇਤਿਰਕਟ ਧਿੰਨਾ | ਧਿੰਧਿ ਧਾਗੇਤਿਰਕਟ | ਤੂਨਾ ਕੱਤਾ | ਧਾਗੇਤਿਰਕਟ ਧਿੰਨਾ |
| × | 0 | 2 | 0 | 3 | 4 |

## ਤਿੰਨ ਤਾਲ ਦੁਗਣ

| 1 2 3 4 | 5 6 7 8 | 9 10 11 12 | 13 14 15 16 |
|---|---|---|---|
| ਧਾਧਿੰ ਧਿੰਧਾ ਧਾਂਧਿ ਧਿੰਧਾ | ਧਾਤਿੰ ਤਿੰਤਾ ਤਾਧਿੰ ਧਿੰਧਾ | ਧਾਧਿੰ ਧਿੰਧਾ ਧਾਧਿੰ ਧਿੰਧਾ | ਧਾਤਿੰ ਤਿੰਤਾ ਤਾਧਿੰ ਧਿੰਧਾ |
| × 2 | 0 | 3 | |

******

## ਪਾਠ- 13

# ਰਾਗਾਂ ਦਾ ਚਾਰਟ

| ਰਾਗ ਦਾ ਨਾਂ | ਥਾਟ | ਵਾਦੀ | ਸਮਵਾਦੀ | ਵਰਜਿਤਸੁਰ | ਆਰੋਹ | ਅਵਰੋਹ | ਪਕੜ | ਗਾਉਣ ਸਮਾਂ | ਜਾਣ-ਪਛਾਣ |
|---|---|---|---|---|---|---|---|---|---|
| ਭੂਪਾਲੀ | ਕਲਿਆਣ | ਗਾ | ਧਾ | ਮ, ਨੀ | ਸਾ ਰੇ ਗ ਪ ਧ ਸਾਂ | ਸਾਂ ਧਾ ਪਾ ਗਾ ਰੇ ਸਾ | ਸਾ, ਰੇ, ਪਾ ਗਾ ਧਾ, ਪਾ ਗਾ ਰੇ ਧਾ ਸਾਂ। | ਰਾਤ ਦਾ ਪਹਿਲਾ ਪਹਿਰ | ਇਸ ਰਾਗ ਵਿਚ ਮ, ਨੀ ਸੁਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਔੜਵ-ਔੜਵ ਹੈ। |
| ਦੁਰਗਾ | ਬਿਲਾਵਲ | ਮਾ | ਸਾਂ | ਗਾ, ਨੀ | ਸਾ ਰੇ ਮਾਂ ਪਾ ਧਾ ਸਾ | ਸਾਂ ਧਾ ਪਾ ਮਾ ਰੇ ਸਾ। | ਸਾ ਰੇ ਮਾ ਪਾ ਪਾ ਮਾ ਰੇ ਧਾ ਸਾ। | ਰਾਤ ਦਾ ਦੂਜਾ ਪਹਿਰ | ਇਸ ਰਾਗ ਵਿਚ ਗਾ, ਨੀ ਸਵਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਔੜਵ - ਔੜਵ ਹੈ। |
| ਖਮਾਜ | ਖਮਾਜ | ਗਾ | ਨੀ | ਅਰੋਹ ਵਿਚ ਦੇ ਸੁਰ | ਸਾ ਗਾ ਮਾਪਾ ਧਾ ਨੀ ਸਾਂ | ਸਾਂ ਨੁੀ ਧਾ ਪਾ ਮਾ ਗਾ ਰੇ ਸਾ | ਨੁੀ ਧ ਮਾ ਪਾ ਧਾ ਮਾ ਗਾ | ਰਾਤ ਦਾ ਦੂਜਾ ਪਹਿਰ | ਇਸ ਰਾਗ ਵਿਚ ਅਰੋਹ ਵਿਚ ਰੇ ਸੁਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਸਾੜਵ ਸੰਪੂਰਨ ਹੈ। ਇਸ ਦੀ ਅਵਰੋਹੀ ਵਿਚ ਨੀ ਸਵਰ ਕੋਮਲ ਲੱਗਦਾ ਹੈ। |

| ਰਾਗ ਦਾ ਨਾਂ | ਥਾਟ | ਵਾਦੀ | ਸਮਵਾਦੀ | ਵਰਜਿਤਸੁਰ | ਆਰੋਹ | ਅਵਰੋਹ | ਪਕੜ | ਗਾਉਣ ਸਮਾਂ | ਜਾਣ-ਪਛਾਣ |
|---|---|---|---|---|---|---|---|---|---|
| ਭੈਰਵੀ | ਭੈਰਵੀ | ਮਾ | ਸਾ | – | ਸਾ ਰੇ ਗੁਾ ਮਾ ਪਾ ਧੁਾ ਨੁੀ ਸਾਂ | ਸਾਂ ਨੁੀ ਧੁਾ ਪਾ ਮਾ ਗਾ ਰੁੇ ਸਾ | ਮਾ ਗੁਾ ਰੇ ਗੁਾ ਸਾ ਰੁੇ ਸਾ ਧੁਾ ਨੁੀ ਸਾ | ਸਵੇਰੇ ਦਾ | ਇਸ ਰਾਗ ਵਿਚ ਰੁੇ ਗੁ ਧੁ ਨੁੀ ਸਵਰ ਕੋਮਲ ਲੱਗਦੇ ਹਨ ਤੇ ਸਾਰੇ ਸਵਰ ਲੱਗਦੇ ਹਨ ਇਸ ਲਈ ਇਸ ਰਾਗ ਦੀ ਜਾਤੀ ਸੰਪੂਰਨ-ਸੰਪੂਰਨ ਹੈ। |

******

## ਪਾਠ-14

# ਪੰਜਾਬੀ ਲੋਕ ਗੀਤ

### (ਸ਼ਹੀਦ ਭਗਤ ਸਿੰਘ ਦੀ ਘੋੜੀ)

ਆਵੋ ਨੀ ਭੈਣੋਂ ਰਲ ਗਾਵੀਏ ਘੋੜੀਆ,
ਜੰਜ ਤੇ ਹੋਈ ਏ ਤਿਆਰ ਵੇ ਹਾਂ।
ਮੌਤ ਕੁੜੀ ਨੂੰ ਪਰਨਾਵਣ ਚੱਲਿਆ,
ਦੇਸ਼ ਭਗਤ ਸਰਦਾਰ ਵੇ ਹਾਂ।

ਫਾਂਸੀ ਦੇ ਤਖਤੇ ਵਾਲਾ ਖਾਰਾ ਬਣ ਕੇ,
ਬੈਠਾ ਤੂੰ ਚੌਕੜੀ ਮਾਰ ਵੇ ਹਾਂ।
ਫਾਂਸੀ ਦੀ ਟੋਪੀ ਵਾਲਾ ਸੇਹਰਾ ਬਣਾ ਕੇ
ਸੇਹਰਾ ਤੂੰ ਬੱਧਾ ਝਾਲਰਦਾਰ ਵੇ ਹਾਂ।

ਜੰਡੀ ਤੇ ਵੱਡੀ ਲਾੜੇ ਜੋਰ ਜੁਲਮ ਦੀ,
ਸਬਰ ਦੀ ਮਾਰ ਤਲਵਾਰ ਵੇ ਹਾਂ।
ਰਾਜ ਗੁਰੂ ਤੇ ਸੁਖਦੇਵ ਸਰਬ੍ਹਾਲੇ
ਚੜਿਆ ਤੇ ਤੂੰ ਵੀ ਵਿਚਕਾਰ ਵੇ ਹਾਂ।

ਵਾਂਗ ਫੜਾਈ ਤੈਥੋਂ ਭੈਣਾਂ ਨੇ ਲੈਣੀ,
ਭੈਣਾ ਦਾ ਰਖਿਆ ਉਧਾਰ ਵੇ ਹਾਂ।
ਹਰੀ ਕ੍ਰਿਸ਼ਣ ਤੇਰਾ ਬਨਿਆ ਵੇ ਸਾਂਢੂ।
ਚੁਕੇ ਕੇ ਤੁਸੀਂ ਇਕੋ ਵਾਰ ਵੇ ਹਾਂ।

ਪੈਂਤੀ ਕਰੋੜ ਤੇਰੇ ਜਾਂਜੀ ਵੇ ਲਾੜਿਆ,

ਪੈਦਲ ਤੇ ਕਈ ਅਸਵਰਾ ਵੇ ਹਾਂ।

ਕਾਲੀਆਂ ਪੋਸ਼ਾਕਾਂ ਪਾ ਕੇ ਜੰਜ ਜੇ ਤੁਰ ਪਈ

ਕਾਯਰ ਵੀ ਹੋਇਆ ਤਿਆਰ ਵੇ ਹਾਂ।

ਸੁਰ ਲਿਪੀ ਕਹਿਰਵਾ ਦੂਰਾ

| 1 | 2 | 3 | 4 | 5 | 6 | 7 | 8 |
|---|---|---|---|---|---|---|---|
| – | ਸਾ | ਰੇ | ਮ | ਮਗ | ਰੇਗ | ਰੇਸਾ | ਸ |
| ऽ | ਆ | ਵੋ | ਨੀ | ਭੈऽ | ਣੋऽ | ਰੁऽ | ਲ |
| – | ਰੇਗਾ | ਰੇ | ਸਾ | ਰੇ | ਰੇ | ਰੇ | – |
| – | ਗਾऽ | ਵੀ | ਏ | ਘੋ | ੜੀ | ਆਂ | ऽ |
| – | ਸ | ਰੇ | ਮ | ਮਗ | ਰੇਗ | ਰੇਸ | ਸ |
| – | ਜੰ | ਜ | ਤੇ | ਹੋऽ | ਈऽ | ਏऽ | ਤਿऽ |
| – | ਰੇਗ | ਰੇ | ਸ | ਸ | – | – | – |
| – | ਆऽ | ਰ | ਵੇ | ਹਾਂ | | | |

**ਨੋਟ — ਬਾਕੀ ਸਾਰਾ ਗੀਤ ਵੀ ਇਸ ਤਰ੍ਹਾਂ ਗਾਇਆ ਜਾਵੇ।**

******